TOURIST VISA USA CANADA
SCHENGEN/ UK AUSTRALIA/ NZ
1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
easyvisa
8283 000800

ਰੋਜ਼ਾਨਾ
ਸੱਚ ਤੇ ਨਿਡਰ ਆਵਾਜ਼
# ਲੋਕ ਬਾਣੀ
ਮੁੱਖ ਸੰਪਾਦਕ : ਅਮਨਦੀਪ ਮਹਿਰਾ
Daily Lokbani, Jalandhar
ਸ਼ਨਿਚਰਵਾਰ, 19 ਜੁਲਾਈ, 2025
Email : lokbani08@gmail.com

ਧੰਨਵਾਦ
ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਸਹਿਯੋਗ ਲਈ ਦਿਲੋਂ ਧੰਨਵਾਦ



ਮੁੱਖ ਸੰਪਾਦਕ : ਅਮਨਦੀਪ ਮਹਿਰਾ

R. N. I. Punpun/29016/2008 ਸਾਲ : 16 ਅੰਕ: 331 ਮੁੱਲ : 06 ਰੁਪਏ • ਕੁੱਲ ਪੰਨੇ : 10, ਦਫ਼ਤਰ : 2211009, M : +91 99155 94111

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

## ਸ਼ਰਾਬ ਘੁਟਾਲਾ: ਈਡੀ ਵੱਲੋਂ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਦਾ ਪੁੱਤਰ ਚੈਤੰਨਿਆ ਬਘੇਲ ਗ੍ਰਿਫ਼ਤਾਰ

### ਰੋਸ ਵਜੋਂ ਕਾਂਗਰਸ ਵੱਲੋਂ ਵਿਧਾਨ ਸਭਾ ਸੈਸ਼ਨ ਦਾ ਬਾਇਕਾਟ

ਨਵੀਂ ਦਿੱਲੀ (ਲੋਕ ਬਾਣੀ) ਐਂਨਫੋਰਸਮੈਂਟ ਡਾਇਰੈਕਟੋਰੇਟ ਨੇ 2100 ਕਰੋੜ ਰੁਪਏ ਦੇ ਸ਼ਰਾਬ ਘੁਟਾਲੇ ਨਾਲ ਜੁੜੇ ਮਨੀ ਲਾਂਡਰਿੰਗ ਕੇਸ ਵਿਚ ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਭੁਪੇਸ਼ ਬਘੇਲ ਦੇ ਪੁੱਤਰ ਚੈਤੰਨਿਆ ਬਘੇਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਚੈਤੰਨਿਆ ਬਘੇਲ ਨੂੰ ਪੀਐੱਮਐੱਲਏ ਕੋਰਟ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਉਸ ਨੂੰ ਪੰਜ ਦਿਨਾਂ ਲਈ ਈਡੀ ਦੀ ਹਿਰਾਸਤ ਵਿਚ ਭੇਜ ਦਿੱਤਾ ਗਿਆ। ਈਡੀ ਨੇ ਰਸਮੀ ਗ੍ਰਿਫ਼ਤਾਰੀ ਤੋਂ ਪਹਿਲਾਂ ਚੈਤੰਨਿਆ ਬਘੇਲ ਦੀ ਭਿਲਾਈ ਸਥਿਤ ਰਿਹਾਇਸ਼ 'ਤੇ ਛਾਪਾ ਮਾਰਿਆ ਸੀ। ਭੁਪੇਸ਼ ਬਘੇਲ ਵੀ ਇਸੇ ਰਿਹਾਇਸ਼ 'ਤੇ ਆਪਣੇ ਪੁੱਤਰ ਨਾਲ ਰਹਿੰਦੇ ਹਨ। ਇਸ ਤੋਂ ਪਹਿਲਾਂ ਵੀ ਸੰਘੀ ਜਾਂਚ ਏਜੰਸੀ ਨੇ 10 ਮਾਰਚ ਨੂੰ ਚੈਤੰਨਿਆ ਬਘੇਲ ਵਿਰੁੱਧ





ਇਸੇ ਤਰ੍ਹਾਂ ਦੇ ਛਾਪੇ ਮਾਰੇ ਸਨ। ਉਧਰ ਭੁਪੇਸ਼ ਬਘੇਲ ਨੇ ਈਡੀ ਦੇ ਛਾਪਿਆਂ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਛਾਪੇ ਅਜਿਹੇ ਮੌਕੇ ਮਾਰੇ ਗਏ ਹਨ ਜਦੋਂ ਵਿਧਾਨ ਸਭਾ ਅਸੈਂਬਲੀ ਦਾ ਅੱਜ ਆਖਰੀ ਦਿਨ ਹੈ। ਭੁਪੇਸ਼ ਬਘੇਲ ਦੇ ਪੁੱਤਰ ਖ਼ ?ਲਾਫ਼ ਈਡੀ ਦੀ ਕਾਰਵਾਈ ਦੇ ਰੋਸ ਵਜੋਂ ਕਾਂਗਰਸ ਨੇ ਛੱਤੀਸਗੜ੍ਹ ਵਿਧਾਨ ਸਭਾ ਦੀ ਕਾਰਵਾਈ ਦਾ ਬਾਈਕਾਟ ਕੀਤਾ ਹੈ। ਆਗੂਆਂ ਨੇ ਕਿਹਾ ਕਿ ਏਜੰਸੀ ਵਿਰੋਧੀ ਧਿਰ ਨੂੰ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕਰ ਰਹੀ ਹੈ।

## ਸੰਯੁਕਤ ਕਿਸਾਨ ਮੋਰਚਾ ਦਿੱਲੀ ਤਰਜ਼ 'ਤੇ ਲੜੇਗਾ ਵੱਡਾ ਅੰਦੋਲਨ

### ਸੱਦੇ ਦੇ ਬਾਵਜੂਦ ਬੈਠਕ ਵਿਚ ਨਹੀਂ ਪੁੱਜਾ ਆਮ ਆਦਮੀ ਪਾਰਟੀ ਦਾ ਕੋਈ ਨੁਮਾਇੰਦਾ

ਚੰਡੀਗੜ੍ਹ (ਲੋਕ ਬਾਣੀ)-ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਹੋਈ ਸਰਬ ਪਾਰਟੀ ਮੀਟਿੰਗ 'ਚ ਵੱਖ ਵੱਖ ਸਿਆਸੀ ਧਿਰਾਂ ਵੱਲੋਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ ?ਲਾਫ਼ ਕਿਸਾਨ ਅੰਦੋਲਨ ਨੂੰ ਹਮਾਇਤ ਦੇਣ ਦਾ ਐਲਾਨ ਕੀਤਾ ਗਿਆ ਹੈ। ਮੀਟਿੰਗ ਵਿੱਚ ਦਸ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਸ਼ਾਮਲ ਹੋਏ ਜਦੋਂ ਕਿ ਸੱਤਾਧਾਰੀ ਧਿਰ ਦਾ ਕੋਈ ਵੀ ਪ੍ਰਤੀਨਿਧ ਮੀਟਿੰਗ 'ਚ ਨਹੀਂ ਪੁੱਜਾ। ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤੇ ਪਾਸ ਕੀਤੇ ਗਏ ਅਤੇ ਪੰਜਾਬ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਦਾ ਨੋਟੀਫ਼ ?ਕੇਸ਼ਨ ਰੱਦ ਕਰਨ ਲਈ ਕਿਹਾ ਗਿਆ। ਇਸ ਦੌਰਾਨ ਫ਼ੈਸਲਾ ਹੋਇਆ ਕਿ ਜੇ ਸੂਬਾ ਸਰਕਾਰ ਨੇ ਅਜਿਹਾ ਨਾ ਕੀਤਾ ਤਾਂ ਲੈਂਡ ਪੂਲਿੰਗ ਨੀਤੀ ਦੀ ਵਾਪਸੀ ਤੱਕ ਅੰਦੋਲਨ ਚੱਲੇਗਾ। ਅਮਰੀਕਾ ਨਾਲ ਸ਼ੁਰੂ ਕੀਤੇ ਜਾ ਰਹੇ ਫ ?ਰੀ ਟਰੇਡ ਸਮਝੌਤੇ 'ਚੋਂ ਖੇਤੀ ਅਤੇ ਸਹਾਇਕ ਧੰਦਿਆਂ ਨੂੰ ਬਾਹਰ ਰੱਖਣ ਲਈ ਕਿਹਾ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਨੇ ਇਹ ਵੀ ਮਤਾ ਪਾਸ ਕੀਤਾ ਕਿ ਪਾਣੀਆਂ ਦੇ ਸਮਝੌਤੇ ਰੱਦ ਕੀਤੇ ਜਾਣ ਅਤੇ ਪੰਜਾਬ ਪੁਨਰਗਠਨ



ਐਕਟ ਦੀ ਧਾਰਾ 78,79 ਅਤੇ 80 ਨੂੰ ਪੰਜਾਬ ਵਿਧਾਨ ਸਭਾ ਵਿੱਚ ਰੱਦ ਕਰਕੇ ਪਾਰਲੀਮੈਂਟ ਤੋਂ ਪਾਸ ਕਰਾਇਆ ਜਾਵੇ। ਇਸੇ ਤਰ੍ਹਾਂ ਖੇਤੀ ਨੀਤੀ ਨੂੰ ਲਾਗੂ ਕਰਨ ਲਈ ਕਿਹਾ ਗਿਆ ਹੈ।


## 7.63 ਕਰੋੜ ਦੇ ਨਸ਼ੀਲੇ ਪਦਾਰਥ ਸਮੇਤ ਵਿਦੇਸ਼ੀ ਔਰਤ ਗ੍ਰਿਫ਼ਤਾਰ

ਮਹਾਰਾਸ਼ਟਰ (ਲੋਕ ਬਾਣੀ)- ਰੈਵਨਿਊ ਇੰਟੈਲੀਜੈਂਸ ਡਾਇਰੈਕਟੋਰੇਟ) ਪੁਣੇ ਨੇ ਇੱਕ ਵਿਦੇਸ਼ੀ ਔਰਤ ਨੂੰ 7.63 ਕਰੋੜ ਰੁਪਏ ਦੇ ਨਸ਼ੀਲੇ ਪਦਾਰਥ ਕ੍ਰਿਸਟਲ ਮੈਥਾਫੈਟਾਮਾਈਨ ਦੀ ਤਸਕਰੀ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਖ਼ੁਫੀਆ ਜਾਣਕਾਰੀ ਦੇ ਆਧਾਰ 'ਤੇ ਪੂਰੇ ਯੋਜਨਾਬੱਧ ਤਰੀਕੇ ਨਾਲ ਇਹ ਕਾਰਵਾਈ ਕੀਤੀ ਗਈ। DRI ਪੁਣੇ ਨੂੰ ਮਿਲੀ ਸੂਚਨਾ ਅਨੁਸਾਰ ਇੱਕ ਔਰਤ ਵਿਦੇਸ਼ੀ ਕ੍ਰਿਸਟਲ ਮੈਥਾਫੈਟਾਮਾਈਨ ਨੂੰ ਆਪਣੇ ਸਾਮਾਨ ਵਿੱਚ ਲੁਕੋ ਕੇ ਬੱਸ ਰਾਹੀਂ ਦਿੱਲੀ ਤੋਂ ਬੰਗਲੁਰੂ ਲਿਜਾ ਰਹੀ ਸੀ। ਇਸਤੋਂ ਬਾਅਦ ਕਸਟਮਜ਼ ਨਾਲ ਮਿਲ ਕੇ ਮੁੰਬਈ-ਬੰਗਲੁਰੂ ਹਾਈਵੇਅ 'ਤੇ ਨਾਕੇਬੰਦੀ ਕਰਕੇ ਜਦੋਂ ਬੱਸ ਨੂੰ ਰੋਕਿਆ ਗਿਆ ਤਾਂ ਤਲਾਸ਼ੀ ਦੌਰਾਨ ਬੱਸ ਦੇ ਪਿੱਛੇ ਲੁਕੋਇਆ ਗਿਆ ਇੱਕ ਬੈਗ ਮਿਲਿਆ ਜਿਸ ਵਿੱਚ ਇਹ ਨਸ਼ੀਲਾ ਪਦਾਰਥ ਸੀ। ਔਰਤ ਨੂੰ ਤੁਰੰਤ ਹਿਰਾਸਤ ਵਿੱਚ ਲੈ ਲਿਆ ਗਿਆ। ਜ਼ਬਤ ਕੀਤੇ ਗਏ ਨਾਜਾਇਜ਼ ਸਮਾਨ ਦੀ ਅਨੁਮਾਨਤ ਕੀਮਤ 7.63 ਕਰੋੜ ਰੁਪਏ ਹੈ।

## ਆਮ ਨਾਲੋਂ ਨੌਂ ਫ਼ੀਸਦੀ ਵੱਧ ਪਿਆ ਮੀਂਹ

### ਉੱਤਰ-ਪੂਰਬ ਤੇ ਦੱਖਣੀ ਭਾਰਤ 'ਚ ਆਮ ਨਾਲੋਂ ਘੱਟ ਬਾਰਿਸ਼

ਨਵੀਂ ਦਿੱਲੀ (ਲੋਕ ਬਾਣੀ)- ਦੇਸ਼ ਵਿੱਚ ਇਸ ਮੌਨਸੂਨ ਸੀਜ਼ਨ 'ਚ ਹੁਣ ਤੱਕ ਆਮ ਨਾਲੋਂ ਨੌਂ ਫ਼ੀਸਦੀ ਵੱਧ ਮੀਂਹ ਪਿਆ ਹੈ ਪਰ ਦੇਸ਼ ਭਰ ਵਿੱਚ ਮੀਂਹ ਦਾ ਪੈਮਾਨਾ ਇੱਕਸਾਰ ਨਹੀਂ। ਕਿਤੇ ਵੱਧ ਅਤੇ ਕਿਤੇ ਆਮ ਨਾਲੋਂ ਘੱਟ ਮੀਂਹ ਨੇ ਜਨਜੀਵਨ 'ਤੇ ਅਸਰ ਪਾਇਆ ਹੈ। ਭਾਰਤੀ ਮੌਸਮ ਵਿਭਾਗਦੇ ਅੰਕੜਿਆਂ ਅਨੁਸਾਰ ਝਾਰਖੰਡ, ਰਾਜਸਥਾਨ ਅਤੇ ਲੱਦਾਖ ਵਰਗੇ ਕੁੱਝ ਰਾਜਾਂ 'ਚ ਆਮ ਨਾਲੋਂ ਬਹੁਤ ਜ਼ਿਆਦਾ ਬਾਰਿਸ਼ ਹੋਈ, ਜਦਕਿ ਉੱਤਰ-ਪੂਰਬ ਅਤੇ ਦੱਖਣੀ ਹਿੱਸਿਆਂ ਨੂੰ ਮੀਂਹ ਦੀ ਕਮੀ ਦਾ ਸਾਹਮਣਾ ਕਰਨਾ ਪਿਆ ਹੈ। ਪਹਿਲੀ ਜੂਨ ਤੋਂ 16 ਜੁਲਾਈ ਦਰਮਿਆਨ ਦੇਸ਼ 'ਚ 331.9 ਮਿਲੀਮੀਟਰ ਮੀਂਹ ਪਿਆ, ਜੋ ਇਸ ਸਮੇਂ 304.2 ਮਿਲੀਮੀਟਰ ਦੀ ਆਮ ਬਾਰਿਸ਼ ਨਾਲੋਂ ਲਗਭਗ ਨੌਂ ਫ਼ੀਸਦੀ ਵੱਧ ਹੈ। ਝਾਰਖੰਡ ਵਿੱਚ ਆਮ ਨਾਲੋਂ 71 ਫ਼ੀਸਦੀ ਵੱਧ ਮੀਂਹ ਪਿਆ। ਇਸੇ ਤਰ੍ਹਾਂ ਰਾਜਸਥਾਨ 'ਚ ਆਮ ਨਾਲੋਂ 116 ਫੀਸਦੀ ਵੱਧ ਮੀਂਹ ਦਰਜ ਕੀਤਾ ਗਿਆ। ਲੱਦਾਖ, ਜਿੱਥੇ ਆਮ ਤੌਰ 'ਤੇ ਬਹੁਤ ਘੱਟ ਬਾਰਿਸ਼ ਹੁੰਦੀ ਹੈ, ਵਿੱਚ ਅੱਠ ਮਿਲੀਮੀਟਰ ਦੇ ਮੁਕਾਬਲੇ 15.8 ਮਿਲੀਮੀਟਰ



ਮੀਂਹ ਪਿਆ, ਜੋ ਆਮ ਨਾਲੋਂ 97 ਫ਼ੀਸਦੀ ਵੱਧ ਹੈ। ਇਨ੍ਹਾਂ ਤਿੰਨਾਂ ਨੂੰ ਭਾਰੀ ਮੀਂਹ ਪੈਣ ਵਾਲੇ ਸੂਬਿਆਂ ਵਜੋਂ ਸ਼੍ਰੇਣੀਬੱਧ ਕੀਤਾ ਗਿਆ ਹੈ। ਇਸੇ ਤਰ੍ਹਾਂ ਹਰਿਆਣਾ, ਗੁਜਰਾਤ, ਮੱਧ ਪ੍ਰਦੇਸ਼, ਉੜੀਸਾ ਅਤੇ ਦਾਦਰਾ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਵ 'ਚ ਆਮ ਨਾਲੋਂ 20 ਤੋਂ 50 ਫ਼ੀਸਦੀ ਵੱਧ ਮੀਂਹ ਪਿਆ। ਇਸ ਤੋਂ ਇਲਾਵਾ ਬਹੁਤੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਆਮ ਬਾਰਿਸ਼ ਹੋਈ, ਜਿਸ ਦਾ ਮਤਲਬ ਕਿ ਆਮ ਸੀਮਾ ਤੋਂ 19 ਫ਼ੀਸਦੀ ਵੱਧ ਜਾਂ ਘੱਟ ਮੀਂਹ ਪਿਆ ਹੈ। ਇਨ੍ਹਾਂ ਸੂਬਿਆਂ ਵਿੱਚ ਪੰਜਾਬ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਉੱਤਰ ਪ੍ਰਦੇਸ਼, ਉੱਤਰਾਖੰਡ, ਤ੍ਰਿਪੁਰਾ, ਮਿਜ਼ੋਰਮ, ਮਨੀਪੁਰ, ਨਾਗਾਲੈਂਡ, ਗੋਆ, ਮਹਾਰਾਸ਼ਟਰ, ਛੱਤੀਸਗੜ੍ਹ, ਕਰਨਾਟਕ, ਕੇਰਲ, ਤਾਮਿਲਨਾਡੂ, ਪੂਡੂਚੇਰੀ, ਸਿੱਕਮ ਅਤੇ ਅੰਡੇਮਾਨ ਤੇ ਨਿਕੋਬਾਰ ਟਾਪੂ ਸ਼ਾਮਲ ਹਨ।

## ਜ਼ੇਲੈਂਸਕੀ ਨੇ ਯੂਲੀਆ ਨੂੰ ਨਵੀਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ

ਕੀਵ (ਲੋਕ ਬਾਣੀ)-ਯੂਕਰੇਨ ਦੀ ਅਰਥਚਾਰੇ ਬਾਰੇ ਮੰਤਰੀ ਅਤੇ ਅਮਰੀਕਾ ਨਾਲ ਖਣਿਜ ਸਮਝੌਤੇ ਵਿੱਚ ਮੁੱਖ ਵਾਰਤਾਕਾਰ ਯੂਲੀਆ ਸਵਿਰੀਦੈਂਕੋ ਨੂੰ ਦੇਸ਼ ਦਾ ਨਵਾਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਗਿਆ ਹੈ। ਉਹ ਸਾਲ 2022 ਵਿੱਚ ਰੂਸ ਦੇ ਹਮਲੇ ਤੋਂ ਬਾਅਦ ਦੇਸ਼ ਦੀ ਸਰਕਾਰ ਦੀ ਪਹਿਲੀ ਨਵੀਂ ਮੁਖੀ ਹੈ। ਸਵਿਰੀਦੈਂਕੋ ਯੂਕਰੇਨ ਸਰਕਾਰ ਦੇ ਉਨ੍ਹਾਂ ਆਗੂਆਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੂੰ ਨਵੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਰਾਸ਼ਟਰਪਤੀ ਵੋਲੋਦੀਮੀਰ ਜ਼ੇਲੈਂਸਕੀ ਨੇ ਜੰਗ ਨਾਲ ਥੱਕੇ ਹੋਏ ਦੇਸ਼ ਵਿੱਚ ਨਵੀਂ ਊਰਜਾ ਭਰਨ ਅਤੇ ਰੂਸ ਦੇ ਲਗਾਤਾਰ ਹਮਲਿਆਂ ਦੇ ਮੱਦੇਨਜ਼ਰ ਘਰੇਲੂ ਹਥਿਆਰਾਂ ਦੇ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ ਮੰਤਰੀ ਮੰਡਲ ਵਿੱਚ ਫੇਰਬਦਲ ਕੀਤਾ ਹੈ।



1140 VISA
1 ਜਨਵਰੀ 2025 ਤੋਂ 18 ਜੂਨ 2025 ਤੱਕ ਲੱਗੇ
TOURIST VISA
CANADA/ USA
SCHENGEN/ AUSTRALIA/ UK/ NZ
easyvisa
8283 000800
ਅਪਲਾਈ ਕਰਨ ਤੋਂ ਪਹਿਲਾਂ ਲੱਗੇ ਹੋਏ ਵੀਜ਼ਾ ਜ਼ਰੂਰ ਚੈਕ ਕਰੋ ਫਿਰ ਅਪਲਾਈ ਕਰੋ

ਲੋਕ ਬਾਣੀ

ਰੋਜ਼ਾਨਾ ਲੋਕ ਬਾਣੀ

www.lokbani.com




publisher
chief editor
Aman mehra
Lok bani (News paper)
Lokbani08@gmail.com
www Lokbani.com
Mob 9915594111

Head office :308 sangam complex milap chowk Jalandhar Punjab India 01812211009


# ਵਿਗਿਆਨ ਦੁਆਰਾ ਅੰਧਵਿਸ਼ਵਾਸ ਦਾ ਹਨੇਰਾ ਦੂਰ ਕੀਤਾ ਜਾਵੇਗਾ

ਵਿਜੈ ਗਰਗ

ਬਿਹਾਰ ਦੇ ਪੂਰਨੀਆ ਜ਼ਿਲ੍ਹੇ ਦੇ ਤੇਟਾਗਾਮਾ ਪਿੰਡ ਵਿੱਚ, ਅੰਧਵਿਸ਼ਵਾਸ ਵਿੱਚ ਅੰਨ੍ਹੀ ਹੋਈ ਭੀੜ ਨੇ ਪੰਜ ਮਾਸੂਮ ਜਾਨਾਂ ਲੈ ਲਈਆਂ। ਇੱਕੋ ਪਰਿਵਾਰ ਦੇ ਮੈਂਬਰਾਂ ਨੂੰ 'ਡੈਣਾਂ' ਦਾ ਲੇਬਲ ਦੇ ਕੇ ਜ਼ਿੰਦਾ ਸਾੜ ਦਿੱਤਾ ਗਿਆ। ਇਹ ਘਟਨਾ ਸਿਰਫ਼ ਇੱਕ ਭਿਆਨਕ ਅਪਰਾਧ ਨਹੀਂ ਹੈ, ਸਗੋਂ ਸਾਡੇ ਸਮਾਜ ਵਿੱਚ ਡੂੰਘੀਆਂ ਜੜ੍ਹਾਂ ਵਾਲੇ ਅੰਧਵਿਸ਼ਵਾਸ, ਤੰਤਰ-ਮੰਤਰ ਅਤੇ ਕੱਟੜਪੰਥੀ ਵਿਸ਼ਵਾਸਾਂ ਦੀ ਇੱਕ ਡਰਾਉਣੀ ਤਸਵੀਰ ਹੈ, ਜੋ ਦਰਸਾਉਂਦੀ ਹੈ ਕਿ ਵਿਗਿਆਨਕ ਤਰੱਕੀ ਅਤੇ ਸਮਾਜਿਕ ਚੇਤਨਾ ਵਿੱਚ ਅਜੇ ਵੀ ਇੱਕ ਵੱਡਾ ਪਾੜਾ ਹੈ। ਅੱਜ, ਜਦੋਂ ਕਿ ਵਿਗਿਆਨ ਸਾਨੂੰ ਬਹੁਤ ਹੀ ਉੱਨਤ ਤਕਨਾਲੋਜੀ, ਪੁਲਾੜ ਯਾਤਰਾ, ਬਾਇਓ-ਇੰਜੀਨੀਅਰਿੰਗ ਅਤੇ ਏਆਈ ਦੇ ਖੇਤਰਾਂ ਵਿੱਚ ਲੈ ਗਿਆ ਹੈ, ਦੂਜੇ ਪਾਸੇ, ਸਮਾਜ ਦਾ ਇੱਕ ਵੱਡਾ ਵਰਗ ਅਜੇ ਵੀ ਨਿੰਬੂ-ਮਿਰਚ, ਪੁਨਰ ਜਨਮ ਅਤੇ ਭੂਤਾਂ ਵਰਗੀਆਂ ਚੀਜ਼ਾਂ ਵਿੱਚ ਵਿਸ਼ਵਾਸ ਰੱਖਦਾ ਹੈ। ਇਹ ਵਿਗਾੜ ਸਿਰਫ਼ ਅਨਪੜ੍ਹ ਵਰਗ ਤੱਕ ਸੀਮਤ ਨਹੀਂ ਹੈ। ਇਸ ਦੀਆਂ ਜੜ੍ਹਾਂ ਸਾਡੇ ਸਮਾਜਿਕ ਢਾਂਚੇ ਵਿੱਚ ਛੁਪੀਆਂ ਹੋਈਆਂ ਹਨ, ਜਿੱਥੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਕਾਫ਼ੀ ਮਹੱਤਵ ਨਹੀਂ ਦਿੱਤਾ ਜਾਂਦਾ। ਆਜ਼ਾਦੀ ਤੋਂ ਬਾਅਦ, ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰਨ ਲਈ ਬਹੁਤ ਸਾਰੀਆਂ ਸੰਸਥਾਵਾਂ ਅਤੇ ਯੋਜਨਾਵਾਂ ਬਣਾਈਆਂ ਗਈਆਂ, ਪਰ ਉਹ ਸਮਾਜ ਦੀ ਸੋਚ ਨੂੰ ਬਦਲਣ ਵਿੱਚ ਅਸਫਲ ਰਹੀਆਂ। ਜਿਨ੍ਹਾਂ ਵਰਗਾਂ ਨੂੰ ਸਿੱਖਿਆ ਅਤੇ ਖੁਸ਼ਹਾਲੀ ਨਹੀਂ ਮਿਲੀ, ਉਹ ਚਮਤਕਾਰਾਂ ਦੀ ਉਮੀਦ ਵਿੱਚ ਅੰਧਵਿਸ਼ਵਾਸਾਂ ਵਿੱਚ ਫਸ ਗਏ। ਅਤੇ ਜਿਨ੍ਹਾਂ ਨੂੰ ਖੁਸ਼ਹਾਲੀ ਮਿਲੀ, ਉਹ ਇਸਨੂੰ ਗੁਆਉਣ ਦੇ ਡਰੋਂ ਇਨ੍ਹਾਂ ਬੁਰਾਈਆਂ ਦਾ ਪਾਲਣ ਕਰਦੇ ਰਹੇ। ਦਰਅਸਲ, ਵਿਗਿਆਨਕ ਦ੍ਰਿਸ਼ਟੀਕੋਣ ਕੋਈ ਗੁੰਝਲਦਾਰ ਫ਼ਲਸਫ਼ਾ ਨਹੀਂ ਹੈ, ਸਗੋਂ ਤਰਕ, ਸਬੂਤ ਅਤੇ ਵਿਵੇਕ ਨਾਲ ਜੀਵਨ ਨੂੰ ਸਮਝਣ ਦਾ ਇੱਕ ਤਰੀਕਾ ਹੈ। ਇਹ ਦ੍ਰਿਸ਼ਟੀਕੋਣ ਸਾਨੂੰ ਕਿਸੇ ਚੀਜ਼ ਨੂੰ ਸਿਰਫ਼ ਉਦੋਂ ਹੀ ਸਵੀਕਾਰ ਕਰਨਾ ਸਿਖਾਉਂਦਾ ਹੈ ਜਦੋਂ ਇਸਦੇ ਹੱਕ ਵਿੱਚ ਸਬੂਤ ਹੋਣ। ਪਰ ਸਾਡੇ ਸਮਾਜ ਵਿੱਚ, ਉਤਸੁਕਤਾ ਨੂੰ ਉਤਸ਼ਾਹਿਤ ਕਰਨ ਦੀ ਬਜਾਏ, ਇਸਨੂੰ ਦਬਾ ਦਿੱਤਾ ਜਾਂਦਾ ਹੈ। ਇਹੀ ਕਾਰਨ ਹੈ ਕਿ ਵਿਗਿਆਨਕ ਦ੍ਰਿਸ਼ਟੀਕੋਣ ਦੀ ਘਾਟ ਸਮਾਜਿਕ ਜੀਵਨ ਨੂੰ ਦਿਸ਼ਾਹੀਣ ਬਣਾ ਰਹੀ ਹੈ। ਸੰਵਿਧਾਨ ਨੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਨਾਗਰਿਕ ਦਾ ਬੁਨਿਆਦੀ ਫਰਜ਼ ਘੋਸ਼ਿਤ ਕੀਤਾ ਹੈ। ਇਸ ਦੇ ਬਾਵਜੂਦ, ਇੰਡੀਅਨ ਸਾਇੰਸ ਕਾਂਗਰਸ ਵਰਗੇ ਪਲੇਟਫਾਰਮਾਂ 'ਤੇ ਸੂਡੋ-ਵਿਗਿਆਨਕ ਦਾਅਵਿਆਂ ਦੀ ਪੇਸ਼ਕਾਰੀ, ਮੀਡੀਆ ਵਿੱਚ ਤਰਕਹੀਣ ਵਿਚਾਰਾਂ ਦਾ ਪ੍ਰਚਾਰ ਅਤੇ ਸਮਾਜ ਵਿੱਚ ਪਖੰਡੀਆਂ ਦੀ ਸਵੀਕ੍ਰਿਤੀ ਦਰਸਾਉਂਦੀ ਹੈ ਕਿ ਵਿਗਿਆਨਕ ਦ੍ਰਿਸ਼ਟੀਕੋਣ ਸਾਡੇ ਸਮਾਜ ਦੀ ਮੁੱਖ ਧਾਰਾ ਨਹੀਂ ਬਣਿਆ ਹੈ। ਇਸ ਲਈ, ਅੱਜ ਸਮਾਜਿਕ ਜਾਗਰੂਕਤਾ, ਵਿਗਿਆਨਕ ਦ੍ਰਿਸ਼ਟੀਕੋਣ ਨੂੰ ਉਤਸ਼ਾਹਿਤ ਕਰਨ ਅਤੇ ਇਹ ਸਮਝਣ ਦੀ ਜ਼ਰੂਰਤ ਹੈ ਕਿ ਜਦੋਂ ਅਸੀਂ ਵਿਗਿਆਨ ਨੂੰ ਸਿਰਫ਼ ਤਕਨੀਕੀ ਲਾਭਾਂ ਤੱਕ ਸੀਮਤ ਰੱਖਦੇ ਹਾਂ ਅਤੇ ਇਸਨੂੰ ਸੋਚਣ ਦੀ ਆਜ਼ਾਦੀ ਵਜੋਂ ਨਹੀਂ ਅਪਣਾਉਂਦੇ, ਤਾਂ ਅਸੀਂ ਵਿਕਾਸ ਦੇ ਨਾਮ 'ਤੇ ਹਨੇਰੇ ਵੱਲ ਵਧਦੇ ਹਾਂ। ਇਹ ਹਨੇਰਾ ਹੀ ਹੈ ਜਿਸਨੇ ਤੇਟਗਾਮਾ ਵਰਗੇ ਪਿੰਡਾਂ ਨੂੰ ਅੱਜ ਵੀ 21ਵੀਂ ਸਦੀ ਦੀ ਰੌਸ਼ਨੀ ਤੋਂ ਦੂਰ ਰੱਖਿਆ ਹੈ। ਸਾਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਵਿਗਿਆਨਕ ਦ੍ਰਿਸ਼ਟੀਕੋਣ ਹੀ ਇੱਕੋ ਇੱਕ ਰੋਸ਼ਨੀ ਹੈ ਜੋ ਸਮਾਜ ਨੂੰ ਅੰਧਵਿਸ਼ਵਾਸ ਦੇ ਇਸ ਹਨੇਰੇ ਵਿੱਚੋਂ ਬਾਹਰ ਕੱਢ ਸਕਦੀ ਹੈ। ਜਦੋਂ ਤੱਕ ਅਸੀਂ ਆਪਣੇ ਸੋਚਣ ਦੇ ਤਰੀਕੇ ਨੂੰ ਨਹੀਂ ਬਦਲਦੇ, ਅਜਿਹੀਆਂ ਘਟਨਾਵਾਂ ਸਾਡੇ ਵਿਕਾਸ ਦੀ ਸੱਚਾਈ 'ਤੇ ਸਵਾਲ ਉਠਾਉਂਦੀਆਂ ਰਹਿਣਗੀਆਂ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**

# ਅਲਵਿਦਾ ! ਅੰਤਰਰਾਸ਼ਟਰੀ ਬਜ਼ੁਰਗ ਦੌੜਾਕ ਬਾਪੂ ਫ਼ੌਜਾ ਸਿੰਘ

ਜਦੋਂ ਪੈਰ ਥੱਕਣ ਲੱਗਣ, ਦਿਲ ਹਾਰਣ ਲੱਗੇ ਅਤੇ ਜਿੰਦਗੀ ਅੱਗੇ ਵਧਣ ਦੀ ਥਾਂ ਥੰਮ ਜਾਣ ਦੀ ਗੱਲ ਕਰੇ ਤਾਂ ਉੱਥੇ ਇਕੋ ਹੀ ਨਾਮ ਉਮੀਦ ਵਾਂਗ ਚਮਕਦਾ ਹੈ, ਫ਼ੌਜਾ ਸਿੰਘ। ਇਕ ਅਜਿਹਾ ਨਾਂ ਜੋ ਸਿਰਫ਼ ਇੱਕ ਦੌੜਾਕ ਦਾ ਹੀ ਨਹੀਂ, ਸਗੋਂ ਅਟੁੱਟ ਹੌਸਲੇ, ਅਡਿੱਗ ਵਿਸ਼ਵਾਸ ਅਤੇ ਲਗਾਤਾਰ ਸੰਘਰਸ਼ ਦੀ ਜੀਉਂਦੀ ਜਾਗਦੀ ਮਿਸਾਲ ਦਾ ਵੀ ਹੈ। ਪੂਰੇ ਜਿਗਰੇ ਨਾਲ ਦੁਨੀਆਂ ਦੇ ਟਰੈਕ ਉੱਤੇ ਦੌੜਣ ਵਾਲਾ ਇਹ ਬਾਬਾ ਸਾਡੇ ਲਈ ਇੱਕ ਅਜਿਹਾ ਚਾਨਣ-ਮੁਨਾਰਾ ਹੈ ਜੋ ਦੱਸਦਾ ਹੈ ਕਿ ਉਮਰ ਕਦੇ ਵੀ ਮਕਸਦਾਂ ਦੀ ਰਾਹ ਨਹੀਂ ਰੋਕ ਸਕਦੀ। ਮੈਰਾਥਨ ਦੌੜਾਂ ਦਾ ਚੈਂਪੀਅਨ ਸਿਰ ਤੇ ਸੱਜੀ ਪੱਗ ਤੇ ਨਿਗਾਹਾਂ ਵਿੱਚ ਜਿੱਤ ਦਾ ਜਜ਼ਬਾ ਲੈ ਕੇ ਦੌੜਦੇ ਹੋਏ ਫੌਜਾ ਸਿੰਘ ਨੇ ਸਦੀਆਂ ਤੀਕ ਇਕ ਨਵੀਂ ਪਰਿਭਾਸ਼ਾ ਲਿਖ ਦਿੱਤੀ। ਪੱਗੜੀ ਵਾਲਾ ਤੂਫਾਨ, ਰਨਿੰਗ ਬਾਬਾ ਤੇ ਸੁਪਰ ਸਿੱਖ ਵਰਗੇ ਤਮਗਿਆਂ ਨਾਲ ਪੂਰੀ ਦੁਨੀਆ ਵਿੱਚ ਮੈਰਾਥਨ ਦੌੜ ਦੀ ਧਾਂਕ ਜਮਾਉਣ ਵਾਲੇ ਇਸ ਬਾਬੇ ਦੀ ਰਾਹ ਅੱਜ ਹਰੇਕ ਨੂੰ ਇਹ ਦਸ ਰਹੀ ਹੈ ਕਿ ਜੇ ਮਨ ਜਵਾਨ ਹੋਵੇ ਅਤੇ ਤਨ ਕਦੇ ਥੱਕਦਾ ਨਾ ਹੋਵੇ ਤਾਂ ਉਮਰ ਕਦੇ ਵੀ ਹਾਰ ਨਹੀਂ ਮੰਨਦੀ।

1 ਅਪ੍ਰੈਲ 1911 ਨੂੰ ਜਲੰਧਰ ਦੇ ਨੇੜੇ ਪਠਾਨਕੋਟ ਰੋੜ ਤੇ ਸਥਿੱਤ ਪਿੰਡ ਬਿਆਸ ਵਿੱਚ ਜਨਮੇ ਫੌਜਾ ਸਿੰਘ ਇੱਕ ਆਮ ਪਿੰਡਾਂ ਵਾਲੀ ਜ਼ਿੰਦਗੀ ਜਿਉਂਦੇ ਸਨ। ਖੇਤੀਬਾੜੀ, ਪਰਿਵਾਰ ਅਤੇ ਸਾਦਾ ਜੀਵਨ ਉਨ੍ਹਾਂ ਦੀ ਰੋਜ਼ਮਰਰਾ ਦੀ ਪਛਾਣ ਸੀ। 1961 ਵਿਚ ਉਹ ਆਪਣੇ ਪੁੱਤਰ ਕੌਲ ਇੰਗਲੈਂਡ ਚਲੇ ਗਏ ਅਤੇ ਉਥੇ ਦੇ ਹੀ ਵਸਨੀਕ ਹੋ ਗਏ ਸਨ।1992 ਉਨ੍ਹਾਂ ਲਈ ਇਕ ਕਾਲਾ ਸਾਇਆ ਲੈ ਕੇ ਆਇਆ ਜਦੋਂ ਉਨ੍ਹਾਂ ਦੇ ਜੀਵਨ ਸਾਥਣ ਦੀ ਅਚਾਨਕ ਮੌਤ ਹੋ ਗਈ। ਇਸ ਤੋਂ ਇਲਾਵਾ, ਇੱਕ ਪੁੱਤਰ ਅਤੇ ਇੱਕ ਧੀ ਦਾ ਵੀ ਸਵਰਗਵਾਸ ਹੋ ਗਿਆ। ਇਹ ਸਭ ਕੁਝ ਕਿਸੇ ਵੀ ਆਮ ਇਨਸਾਨ ਨੂੰ ਢਾਹ ਸਕਦਾ ਸੀ, ਪਰ ਫੌਜਾ ਸਿੰਘ ਨੇ ਇਸਦੇ ਉਲਟ ਇਹ ਸਦਮੇ ਆਪਣੇ ਅੰਦਰ ਦੇ ਹਨ੍ਹੇਰੇ ਨੂੰ ਰੋਸ਼ਨੀ ਵਿੱਚ ਬਦਲਣ ਲਈ ਵਰਤੇ। ਉਮਰ ਦੇ 81ਵੇਂ ਸਾਲ ਵਿਚ, ਉਨ੍ਹਾਂ ਨੇ ਮੈਰਾਥਨ ਦੌੜ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਜੋਕਿ ਸਿਰਫ਼ ਸਰੀਰਕ ਦੌੜ ਹੀ ਨਹੀਂ ਬਲਕਿ ਇਹ ਤਾਂ ਉਨ੍ਹਾਂ ਲਈ ਇੱਕ ਆਤਮਿਕ ਯਾਤਰਾ ਬਣ ਗਈ।

ਫੌਜਾ ਸਿੰਘ ਨੇ ਲੰਡਨ ਵਿਖੇ ਹਰਮਿੰਦਰ ਸਿੰਘ ਕੋਲੋਂ ਮੈਰਾਥਨ ਦੀ ਸਖਤ ਟ ?ਰੇਨਿੰਗ ਲੈਣੀ ਸ਼ੁਰੂ ਕੀਤੀ ਅਤੇ 89 ਸਾਲ ਦੀ ਉਮਰ ਵਿੱਚ ਅੰਤਰਰਾਸ਼ਟਰੀ ਦੌੜਾਂ 'ਚ ਹਿੱਸਾ ਲੈਣਾ ਸ਼ੁਰੂ ਕੀਤਾ। 90 ਸਾਲ ਦੀ ਉਮਰ ਵਿੱਚ, ਉਨ੍ਹਾਂ ਨੇ ਆਪਣੀ ਪਹਿਲੀ 20 ਕਿਲੋਮੀਟਰ ਦੀ ਦੌੜ ਪੂਰੀ ਕੀਤੀ ਫੇਰ 93 ਸਾਲ ਦੀ ਉਮਰ ਵਿੱਚ ਉਨ੍ਹਾਂ ਨੇ 6 ਘੰਟੇ 54 ਮਿੰਟ ਵਿੱਚ ਮੈਰਾਥਨ ਪੂਰਾ ਕਰ ਕੇ 90+ ਵਰਗ ਦੇ ਖਿਡਾਰੀਆਂ ਲਈ ਇਕ ਅਦਭੁਤ ਰਿਕਾਰਡ ਕਾਇਮ ਕੀਤਾ।

ਫੇਰ ਸਾਲ 2011 ਵਿਚ ਟੋਰਾਂਟੋ ਵਾਟਰਫਰੰਟ ਮੈਰਾਥਨ ਜਿੱਥੇ ਫੌਜਾ ਸਿੰਘ ਨੇ 8 ਘੰਟੇ, 11 ਮਿੰਟ ਅਤੇ 21 ਸਕਿੰਟਾਂ ਵਿੱਚ ਮੈਰਾਥਨ ਪੂਰੀ ਕਰ ਕੇ ਇਕ ਇਤਿਹਾਸ ਰਚ ਦਿੱਤਾ। 100 ਸਾਲ ਦੀ ਉਮਰ ਵਿੱਚ ਅਜਿਹਾ ਕਰਨ ਵਾਲੇ ਉਹ ਪਹਿਲੇ ਵਿਅਕਤੀ ਬਣੇ। ਗਿੰਨੀਜ਼ ਬੁੱਕ ਆਫ ਰਿਕਾਰਡਜ਼ ਨੇ ਭਾਵੇਂ ਉਨ੍ਹਾਂ ਦੇ




ਜਨਮ ਸਰਟੀਫਿਕੇਟ ਦੀ ਗੈਰਹਾਜ਼ਰੀ ਕਾਰਨ ਇਸ ਨੂੰ ਦਰਜ ਨਾ ਕੀਤਾ ਹੋਵੇ, ਪਰ ਦੁਨੀਆ ਉਨ੍ਹਾਂ ਨੂੰ ਰਿਕਾਰਡ ਤੋਂ ਵੀ ਵੱਧ ਮੰਨਦੀ ਰਹੀ। ਇਸ ਤੋਂ ਇਲਾਵਾ ਬਾਬਾ ਫ਼ੌਜਾ ਸਿੰਘ ਜੀ ਲੋਕ ਭਲਾਈ ਦੇ ਕੰਮ ਅਤੇ ਮੈਰਾਥਨ ਨੂੰ ਉਤਸ਼ਾਹਿਤ ਕਰਨ ਲਈ 2023 ਤਕ ਦੌੜਦੇ ਰਹੇ ਅਤੇ ਲੋਕਾਂ ਦੀ ਵਾਹ-ਵਾਹ ਖੱਟਦੇ ਰਹੇ।

ਉਨ੍ਹਾਂ ਦੀ ਲੰਬਾਈ 5 ਫੁੱਟ 8 ਇੰਚ, ਵਜ਼ਨ 53 ਕਿਲੋ, ਸਿਰ ਉੱਤੇ ਪੱਗ ਅਤੇ ਚਿਹਰੇ ਤੇ ਹੌਸਲੇ ਦਾ ਜਜ਼ਬਾ ਹਮੇਸ਼ਾ ਨਜ਼ਰ ਆਉਂਦਾ ਰਹਿੰਦਾ ਸੀ। ਉਹ ਹਰ ਰੋਜ਼ 10 ਤੋਂ 15 ਕਿਲੋਮੀਟਰ ਦੌੜਦੇ ਸਨ। ਉਹ ਇੱਕ ਇੰਜਣ ਦੀ ਤਰ੍ਹਾਂ ਆਪਣਾ ਸਰੀਰ ਚੱਲਦਾ ਰੱਖਦੇ ਸਨ। ਉਹ ਕਹਿੰਦੇ ਸਨ, ÷ਤੁਹਾਨੂੰ ਆਪਣਾ ਇੰਜਣ ਚੱਲਦਾ ਰੱਖਣਾ ਚਾਹੀਦਾ ਹੈ÷। ਉਹ ਸਦਾ ਸਾਫ-ਸੁਥਰੀ, ਨਿਮਰਤਾ ਤੇ ਨਿਰੋਲ ਜੀਵਨ ਸ਼ੈਲੀ ਵਿੱਚ ਵਿਸ਼ਵਾਸ ਰੱਖਦੇ ਸਨ। ਸਿਰਫ਼ ਘਰ ਦਾ ਖਾਣਾ ਖਾਂਦੇ, ਜਿਵੇਂ ਕਿ ਦਾਲ,ਸਬਜ਼ੀ, ਦਹੀਂ, ਫੁਲਕਾ ਅਤੇ ਅਚਾਰ। ਉਹ ਪਾਣੀ ਬਹੁਤ ਪੀਦੇ ਸਨ,ਜਿਸ ਨੂੰ ਉਹ ਕਿਸੇ ਦਵਾਈ ਨਾਲੋ ਘੱਟ ਨਹੀਂ ਸਮਝਦੇ ਸਨ।

ਦੇਸ਼ ਵਿਦੇਸ਼ ਤੋਂ ਮਿਲੇ ਅਨੇਕਾਂ ਮਾਣ ਸਨਮਾਨ ਤੋਂ ਇਲਾਵਾ 2003 ਵਿਚ ਐਲਿਸ ਆਇਲੈਂਡ ਮੈਡਲ ਜਿੱਤ ਅਮਰੀਕਾ ਸੰਸਕ੍ਰਿਤਿਕ ਸਹਿਣਸ਼ੀਲਤਾ ਦਾ ਪ੍ਰਤੀਕ ਬਣੇ। 2012 ਵਿਚ ਲੰਡਨ ਓਲੰਪਿਕ ਟੀਮ ਦੀ ਅਗਵਾਈ ਕੀਤੀ। 2015 'ਚ ਬ੍ਰਿਟਿਸ਼ ਇੰਪਾਇਅਰ ਐਵਾਰਡ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਐਵਾਰਡ ਹਾਸਲ ਕੀਤੇ।



ਉਨ੍ਹਾ ਦੀ ਅੰਗਰੇਜ਼ੀ ਭਾਸ਼ਾ ਵਿਚ ਜੀਵਨੀ 'ਟਰਬਨਡ ਟੋਰਨਾਡੋ' ਪੁਸਤਕ ਚੰਡੀਗੜ੍ਹ ਦੇ ਰਹਿਣ ਵਾਲੇ ਖ਼ੁਸ਼ਵੰਤ ਸਿੰਘ ਨੇ ਲਿਖੀ ਅਤੇ ਜਿਸ ਨੂੰ ਮੋਤਾ ਸਿੰਘ ਨੇ 2011 ਨੂੰ ਇੰਗਲੈਂਡ ਵਿਚ ਜਾਰੀ ਕੀਤਾ ਸੀ। ਪੱਗ 'ਤੇ ਖੰਡਾ ਲਾ ਕੇ ਝੂਲਦੀ ਦਾੜ੍ਹੀ ਨਾਲ ਦੌੜਦੇ ਹੋਏ ਲੰਡਨ ਦੀਆਂ ਸੜਕਾਂ 'ਤੇ ਛਾਅ ਜਾਣ ਵਾਲੇ ਨੌਜਵਾਨ ਬਾਬਾ ਫੌਜਾ ਸਿੰਘ ਬੀਤੇ ਦਿਨੀਂ 14 ਜੁਲਾਈ 2025 ਨੂੰ 114 ਸਾਲ ਦੀ ਉਮਰ ਵਿੱਚ ਆਪਣੇ ਜੱਦੀ ਪਿੰਡ ਬਿਆਸ ਵਿਖੇ ਹੀ ਇੱਕ ਸੜਕੀ ਦੁਰਘਟਨਾ ਵਿੱਚ ਸੜਕ ਪਾਰ ਕਰਦੇ ਹੋਏ ਜ਼ਖ਼ਮੀ ਹੋਏ ਗਏ ਸਨ। ਹਸਪਤਾਲ ਵਿੱਚ ਦਾਖਲ ਹੋਣ ਦੇ ਬਾਵਜੂਦ ਵੀ ਉਹ ਲੱਗੀਆਂ ਸੱਟਾ ਦੇ ਅੱਗੇ ਟਿਕ ਨਾ ਸਕੇ ਅਤੇ ਹਮੇਸ਼ਾ ਲਈ ਸਾਨੂੰ ਅਲਵਿਦਾ ਆਖ ਗਏ।

ਬੇਸ਼ੱਕ ਅਣਆਈ ਮੌਤ ਵਿਆਹ ਕੇ ਸਦਾ ਲਈ ਉਨ੍ਹਾਂ ਨੂੰ ਆਪਣੇ ਨਾਲ ਲੈ ਗਈ, ਪਰ ਇਹ ਸਫਰ ਕਦੇ ਖ਼ਤਮ ਨਹੀਂ ਹੋਇਆ। ਉਹ ਆਪਣੇ ਨਾਲ ਆਪਣਾ ਹੌਸਲਾ, ਜ਼ਿੰਦਗੀ ਨੂੰ ਸਲਾਮ ਕਰਦੀਆਂ ਲਹਿਰਾਂ ਅਤੇ ਨੌਜਵਾਨ ਪੀੜ੍ਹੀ ਲਈ ਇੱਕ ਜੀਵੰਤ ਸਬਕ ਛੱਡ ਗਏ। ਉਹ ਸਾਡੀਆਂ ਨਸਲਾਂ ਨੂੰ ਦੱਸ ਗਏ ਕਿ ਕਦੇ ਵੀ ਹਾਰ ਨਾ ਮੰਨੋ, ਚਾਹੇ ਉਮਰ 16 ਹੋਵੇ ਜਾਂ 80 ਦੀ ਹੋਵੇ।

ਅੱਜ ਭਾਵੇਂ ਬਾਬਾ ਫੌਜਾ ਸਿੰਘ ਸਰੀਰਕ ਤੌਰ ਤੇ ਸਾਡੇ ਵਿਚ ਮੌਜੂਦ ਨਹੀਂ ਹਨ ਪਰ ਉਨ੍ਹਾਂ ਦੀ ਜੀਵਨੀ ਸਾਨੂੰ ਇਹ ਸਿਖਾਉਂਦੀ ਹੈ ਕਿ ਦੁੱਖ ਜਿੰਦਗੀ ਦੇ ਹੀ ਹਿੱਸੇ ਹਨ, ਪਰ ਉਹ ਸਾਡੇ ਮਨ ਦੇ ਹੌਸਲੇ ਨੂੰ ਕਦੀ ਵੀ ਡਾਵਾਂ-ਡੋਲ ਨਹੀਂ ਕਰ ਸਕਦੇ, ਉਮਰ ਦੀਆਂ ਹੱਦਾਂ ਵੀ ਝੂਠ ਬਣ ਜਾਂਦੀਆਂ ਹਨ ਜਦੋਂ ਸਾਡੇ ਮਨ ਵਿੱਚ ਕੋਈ ਮਕਸਦ ਹੋਵੇ।

ਆਉ, ਅਸੀਂ ਵੀ ਬਾਬਾ ਫ਼ੌਜਾ ਸਿੰਘ ਜੀ ਦੇ ਜੀਵਨ ਤੋਂ ਅੱਗੇ ਵਧਣ ਲਈ ਹੌਸਲੇ ਜਜ਼ਬੇ ਜ਼ਰੀਏ ਬੁਲੰਦੀਆਂ ਛੂਹਣ ਦੀ ਪ੍ਰੇਰਣਾ ਲਈਏ, ਜੋ ਕਦੇ ਨਾ ਰੁਕਣ ਵਾਲੀ ਹੋਵੇ, ਸਿਰਫ਼ ਅੱਗੇ ਵਧਣ ਵਾਲੀ ਹੀ ਹੋਵੇ। ਬਾਪੂ ਫ਼ੌਜਾ ਸਿੰਘ ਜੀ, ਤੁਹਾਡੀ ਦੌੜ ਹੀ ਸਾਨੂੰ ਹਮੇਸ਼ਾ ਚੜ੍ਹਦੀ ਕਲਾ 'ਚ ਰਖੇਗੀ। ਤੁਸੀਂ ਸਦਾ ਅਮਰ ਹੋ ਅਤੇ ਇਹੀ ਸਾਡੇ ਵਲੋਂ ਤੁਹਾਨੂੰ ਸੱਚੀ ਸ਼ਰਧਾਂਜਲੀ ਹੈ।

**ਬਲਦੇਵ ਸਿੰਘ ਬੇਦੀ**
**ਜਲੰਧਰ**

# ਕਮਲਜੀਤ ਸਿੰਘ ਚਾਵਲਾ ਸੋਮਵਾਰ, 21 ਜੁਲਾਈ 2025 ਨੂੰ ਸਵੇਰੇ 10 ਵਜੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਲਈ ਗਮਾਡਾ ਦਫ਼ਤਰ, ਮੋਹਾਲੀ ਪਹੁੰਚੇ

ਜੀਵਨ ਕੁਮਾਰ ਚੰਡੀਗੜ੍ਹ-ਮੈਂ, ਤੁਹਾਡਾ ਸੇਵਕ ਕਮਲਜੀਤ ਸਿੰਘ ਚਾਵਲਾ, ਕੁਰਾਲੀ, ਮਾਜਰੀਆਂ, ਮੁੱਲਾਂਪੁਰ, ਨਵਾਂਗਾਓਂ ਵਿਧਾਨ ਸਭਾ ਹਲਕਾ ਖਰੜ ਦੇ ਸਾਰੇ ਪਿਆਰੇ ਕਾਂਗਰਸੀ ਵਰਕਰਾਂ ਅਤੇ ਆਗੂਆਂ ਨੂੰ ਹੱਥ ਜੋੜ ਕੇ ਅਪੀਲ ਕਰਦਾ ਹਾਂ ਕਿ ਹੁਣ ਪੰਜਾਬ ਕਾਂਗਰਸ ਹਾਈ ਕਮਾਂਡ ਦੇ ਹੁਕਮਾਂ ਅਨੁਸਾਰ, ਅਸੀਂ ਸੋਮਵਾਰ, 21 ਜੁਲਾਈ 2025 ਨੂੰ ਸਵੇਰੇ 10 ਵਜੇ ਪੰਜਾਬ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕਰਨ ਜਾ ਰਹੇ ਹਾਂ, ਇਸ ਲਈ ਮੈਂ ਸੋਮਵਾਰ, 21 ਜੁਲਾਈ ਨੂੰ ਸਮੇਂ ਸਿਰ ਸਾਰੇ ਕਾਂਗਰਸੀ ਵਰਕਰਾਂ ਅਤੇ ਆਗੂਆਂ ਤੋਂ ਤੁਹਾਡਾ ਸਹਿਯੋਗ ਚਾਹੁੰਦਾ ਹਾਂ, ਮੈਂ, ਤੁਹਾਡਾ ਸੇਵਕ ਕਮਲਜੀਤ ਸਿੰਘ ਚਾਵਲਾ, ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਵਾਇਸ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ, ਤੁਸੀਂ ਰੋਸ ਪ੍ਰਦਰਸ਼ਨ ਲਈ ਗਮਾਡਾ ਦਫ਼ਤਰ, ਮੋਹਾਲੀ ਪਹੁੰਚੋ। ਤੁਹਾਡੇ ਸਾਰੇ ਕਾਂਗਰਸੀ ਬਹੁਤ ਧੰਨਵਾਦੀ ਹੋਣਗੇ।



# ਲਖਬੀਰ ਚੰਦ ਕਰੌਂਦਾ ਵਾਲੇ ਕਿਸਾਨ ਖੇਤ ਮਜ਼ਦੂਰ ਸੈੱਲ ਕਾਂਗਰਸ ਮਾਜਰੀ ਬਲਾਕ ਦੇ ਉਪ ਪ੍ਰਧਾਨ ਬਣੇ

ਜੇ ਕੇ ਬੱਤਾ ਨਵਾਂ- ਚੰਡੀਗੜ੍ਹ- ਸਰਦਾਰ ਚਰਨਜੀਤ ਸਿੰਘ ਤਕੀਪੁਰ ਚੇਅਰਮੈਨ ਕਾਂਗਰਸ ਕਿਸਾਨ ਸੈੱਲ ਬਲਾਕ ਮਾਜਰੀ ਜ਼ਿਲ੍ਹਾ ਮੁਹਾਲੀ ਕਾਂਗਰਸ ਕਮੇਟੀ ਨੇ ਪਿੰਡ ਕਰੌਂਦਾ ਵਾਲਾ ਦੇ ਪੱਕੇ ਕਾਂਗਰਸੀ ਆਗੂ ਲਖਬੀਰ ਚੰਦ ਕਰੌਂਦਾ ਵਾਲੇ ਨੂੰ ਕਿਸਾਨ ਖੇਤ ਮਜ਼ਦੂਰ ਸੈੱਲ ਕਾਂਗਰਸ ਮਾਜਰੀ ਬਲਾਕ ਦਾ ਉਪ ਪ੍ਰਧਾਨ ਨਿਯੁਕਤ ਕੀਤਾ ਹੈ। ਜਿਸ 'ਤੇ ਲਖਬੀਰ ਚੰਦ ਕਰੌਂਦੇ ਵਾਲੇ ਨੇ ਪੰਜਾਬ ਕਾਂਗਰਸ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੈਂ ਸੀਨੀਅਰ ਕਾਂਗਰਸੀ ਆਗੂ ਸਰਦਾਰ ਰਣਜੀਤ ਸਿੰਘ ਨੰਗਲੀਆ, ਹੰਸ ਰਾਜ ਬੂਥ ਗੜ੍ਹ ਜਿਲ੍ਹਾ ਮੋਹਾਲੀ ਚੇਅਰਮੈਨ ਕਾਂਗਰਸ ਐਸ.ਸੀ ਸੈਲ, ਸੁਖਦੇਵ ਸਿੰਘ ਭੂਰਾ ਤਕੀਪੁਰ, ਚਰਨਜੀਤ ਸਿੰਘ ਤਕੀਪੁਰ ਚੇਅਰਮੈਨ ਕਾਂਗਰਸ ਕਿਸਾਨ ਸੈਲ ਬਲਾਕ ਮਾਜਰੀ, ਉਹਨਾਂ ਨੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਸਰਪੰਚ ਗੱਭਰੂ ਕਮਿਸ਼ਨ ਪੰਜਾਬ ਸ੍ਰੀ ਕਮਲਜੀਤ



ਸਿੰਘ ਜੀ ਸਾਬਕਾ ਚੇਅਰਮੈਨ ਸ. ਉਨ੍ਹਾਂ ਦੇ ਨਾਲ ਸੀਨੀਅਰ ਕਾਂਗਰਸੀ ਆਗੂ ਸਰਦਾਰ ਰਣਜੀਤ ਸਿੰਘ ਨੰਗਲੀਆ, ਹੰਸ ਰਾਜ ਬੂਥ ਗੜ੍ਹ ਜ਼ਿਲ੍ਹਾ ਮੁਹਾਲੀ ਚੇਅਰਮੈਨ ਕਾਂਗਰਸ ਐਸ.ਸੀ ਸੈੱਲ, ਸੁਖਦੇਵ ਸਿੰਘ ਭੂਰਾ ਤਕੀਪੁਰ, ਚਰਨਜੀਤ ਸਿੰਘ ਤਕੀਪੁਰ ਚੇਅਰਮੈਨ ਕਾਂਗਰਸ ਕਿਸਾਨ ਸੈੱਲ ਬਲਾਕ ਮਾਜਰੀ ਪਹੁੰਚੇ ਹੋਏ ਸਨ। ਜਿਸ ਲਈ ਮੈਂ ਸਭ ਤੋਂ ਪਹਿਲਾਂ ਸੀਨੀਅਰ ਕਾਂਗਰਸੀ ਆਗੂ ਸਰਦਾਰ ਰਣਜੀਤ ਸਿੰਘ ਨੰਗਲੀਆ ਦਾ ਦਿਲੋਂ ਧੰਨਵਾਦ ਕਰਦਾ ਹਾਂ। ਵਿਸ਼ੇਸ਼ ਤੌਰ 'ਤੇ ਸੀਨੀਅਰ ਕਾਂਗਰਸੀ ਆਗੂ ਅਤੇ ਸਾਬਕਾ ਉਪ ਚੇਅਰਮੈਨ ਪੰਜਾਬ ਗਊ ਸੇਵਾ ਕਮਿਸ਼ਨ ਸ਼੍ਰੀ ਕਮਲਜੀਤ ਸਿੰਘ ਚਾਵਲਾ ਜੀ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ ਜਿਨ੍ਹਾਂ ਨੇ ਮੇਰੇ 'ਤੇ ਭਰੋਸਾ ਕੀਤਾ ਅਤੇ ਮੈਨੂੰ ਕਾਂਗਰਸ ਦੀ ਸੇਵਾ ਕਰਨ ਦਾ ਮੌਕਾ ਦਿੱਤਾ। ਮੈਂ ਹਾਈ ਕਮਾਂਡ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਪੂਰੇ ਦਿਲ ਨਾਲ ਸੇਵਾ ਕਰਾਂਗਾ ਅਤੇ ਹਰ ਪੱਖੋਂ ਆਪਣੀਆਂ ਉਮੀਦਾਂ 'ਤੇ ਖਰਾ ਉਤਰਾਂਗਾ।

# ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਕਰੇਗਾ ਪੰਜਾਬ ਸਰਕਾਰ ਵੱਲੋਂ ਪੇਸ਼ ਕੀਤਾ ਨਵਾਂ ਬਿੱਲ : ਚੇਅਰਮੈਨ ਰਾਜੀਵ ਸ਼ਰਮਾ

**ਪੰਜਾਬ ਸਰਕਾਰ ਧਾਰਮਿਕ ਗ੍ਰੰਥਾਂ ਦੇ ਨਿਰਾਦਰ ਨੂੰ ਬਰਦਾਸ਼ਤ ਨਹੀਂ ਕਰੇਗੀ - ਰਾਜੀਵ ਸ਼ਰਮਾ**

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਸਾਰੇ ਧਾਰਮਿਕ ਗ੍ਰੰਥਾਂ ਦੀ ਰਾਖੀ ਲਈ ਮਹੱਤਵਪੂਰਨ ਕਦਮ ਚੁੱਕਦਿਆਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਦੀ ਰੋਕਥਾਮ ਬਾਰੇ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ- ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇਤਿਹਾਸਕ ਕਦਮ ਚੁੱਕਿਆ ਹੈ ਪੰਜਾਬ ਸਰਕਾਰ ਵੱਲੋਂ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਾਰੇ ਬਿੱਲ ਲਿਆਉਣ ਦਾ ਸਵਾਗਤ ਕਰਦਿਆਂ ਗੁਰਦਾਸਪੁਰ ਹਲਕਾ ਵਾਇਸ ਕੋਆਡੀਨੇਟਰ ਰਣਜੀਤ ਸਿੰਘ ਪਾਹੜਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਦੇ ਸ਼ਾਸ਼ਨ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨੇ ਸਿੱਖ ਭਾਵਨਾਵਾਂ ਨੂੰ ਡੂੰਘੀ ਠੇਸ ਪਹੁੰਚਾਈ, ਜਿਸ ਵਿੱਚ ਪਿਛਲੀਆਂ ਸਰਕਾਰਾਂ ਦੀ ਅਣਦੇਖੀ ਕਾਰਨ ਅਪਰਾਧੀ ਖੁੱਲ੍ਹੇ ਆਮ ਘੁੰਮਦੇ ਰਹੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪਵਿੱਤਰ ਗ੍ਰੰਥਾਂ ਵਿਰੁੱਧ ਅਪਰਾਧ ਰੋਕਥਾਮ ਬਿੱਲ, 2025 ਪੇਸ਼ ਕਰਕੇ ਸਾਰੇ ਧਰਮਾਂ ਦੇ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਵੱਲ ਇੱਕ ਮਹੱਤਵਪੂਰਨ ਕਦਮ ਚੁੱਕਿਆ ਹੈ ਰਣਜੀਤ ਸਿੰਘ ਨੇ ਕਿਹਾ ਕਿ ਇਹ ਬਿੱਲ ਬੇਅਦਬੀ ਨੂੰ ਵਿਆਪਕ ਤੌਰ ▾ਤੇ ਪਰਿਭਾਸ਼ਿਤ ਕਰਦਾ ਹੈ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ, ਗੁਟਕਾ ਸਾਹਿਬ, ਸ੍ਰੀਮਦ ਭਗਵਦ ਗੀਤਾ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ ਵਰਗੇ ਪਵਿੱਤਰ ਗ੍ਰੰਥਾਂ ਨਾਲ ਛੇੜਛਾੜ, ਗ੍ਰੰਥਾਂ ਨੂੰ ਸਾੜਨਾ, ਪਾੜਨਾ ਜਾਂ ਕਿਸੇ ਵੀ ਤਰੀਕੇ ਨਾਲ ਨੁਕਸਾਨ ਪਹੁੰਚਾਉਣਾ ਸ਼ਾਮਲ ਹੈ। ਉਨ੍ਹਾਂ ਕਿਹਾ ਬਿੱਲ ਵਿੱਚ ਅਪਰਾਧੀਆਂ ਲਈ ਸਖ਼ਤ ਸਜ਼ਾਵਾਂ ਦੀ ਤਜਵੀਜ਼ ਹੈ, ਜਿਸ ਵਿੱਚ ਘੱਟੋ-ਘੱਟ 10 ਸਾਲ ਤੱਕ ਤੋਂ ਉਮਰ ਕੈਦ ਤੱਕ ਦੀ ਸਜ਼ਾ ਅਤੇ 5 ਲੱਖ ਰੁਪਏ ਤੋਂ 10 ਲੱਖ ਰੁਪਏ ਤੱਕ ਦਾ ਜੁਰਮਾਨਾ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਬਿੱਲ ਵਿੱਚ ਬੇਅਦਬੀ ਨੂੰ ਗੈਰ-ਜ਼ਮਾਨਤੀ ਅਤੇ ਸਮਝੌਤਾ-ਰਹਿਤ ਅਪਰਾਧ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਇਹ ਇਹ ਯਕੀਨੀ ਬਣਾਉਂਦਾ ਹੈ ਕਿ ਦੋਸ਼ੀ ਆਸਾਨੀ ਨਾਲ ਜ਼ਮਾਨਤ ਪ੍ਰਾਪਤ ਜਾਂ ਅਦਾਲਤ ਤੋਂ ਬਾਹਰ ਮਾਮਲੇ ਦਾ ਨਿਪਟਾਰਾ ਨਾ ਕਰ ਸਕਣ ਰਣਜੀਤ ਸਿੰਘ ਨੇ ਕਿਹਾ ਕਿ ਇਹ ਬਿੱਲ ਪੰਜਾਬ ਦੇ ਸਾਰੇ ਧਾਰਮਿਕ ਭਾਈਚਾਰਿਆਂ ਲਈ ਮਾਣ-ਸਤਿਕਾਰ ਨੂੰ ਯਕੀਨੀ ਬਣਾਉਣ ਲਈ ਸਾਡੀ ਵਚਨਬੱਧਤਾ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਇਹ ਕਾਨੂੰਨ ਉਨ੍ਹਾਂ ਲੋਕਾਂ ਨੂੰ ਸਖ਼ਤ ਸਬਕ ਸਿਖਾਵੇਗਾ ਜੋ ਪਵਿੱਤਰ ਗ੍ਰੰਥਾਂ ਦੀ ਬੇਅਦਬੀ ਰਾਹੀਂ ਲੋਕਾਂ ਦੀਆਂ ਭਾਵਨਾਵਾਂ ਨੂੰ ਠੇਸ ਨੁਕਸਾਨ ਪਹੁੰਚਾਉਣ ਦੀ ਘਿਨਾਉਣੀ ਕੋਸ਼ਿਸ਼ ਕਰਦੇ ਹਨ



# ਡੀ ਸੀ ਨੇ ਪੰਜਾਬ ਸੜਕ ਸਫਾਈ ਮਿਸ਼ਨ ਤਹਿਤ ਮੋਹਾਲੀ ਦੀਆਂ ਸੜਕਾਂ ਦਾ ਨਿਰੀਖਣ ਕੀਤਾ

**ਸਫਾਈ, ਸਟਰੀਟ ਲਾਈਟਾਂ, ਸੀਵਰੇਜ, ਗਰਿੱਲਾਂ ਅਤੇ ਸਾਈਡ ਬਰਮ ਦੇ ਰੱਖ-ਰਖਾਅ 'ਤੇ ਤੁਰੰਤ ਕਾਰਵਾਈ ਦੇ ਨਿਰਦੇਸ਼ ਦਿੱਤੇ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ, : ਸਵਰਨ ਸਿੰਘ ਬਾਵਾ-ਜ਼ਿਲ੍ਹੇ ਵਿੱਚ ਦੋ ਦਿਨ ਪਹਿਲਾਂ ਸ਼ੁਰੂ ਕੀਤੇ ਗਏ ਪੰਜਾਬ ਸੜਕ ਸਫਾਈ ਮਿਸ਼ਨ ਦੀ ਨਿਰੰਤਰਤਾ ਵਿੱਚ, ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਬੱਸ ਸਟੈਂਡ ਲਾਈਟਾਂ ਤੋਂ ਲੈ ਕੇ ਫੇਜ਼ 11, ਮੋਹਾਲੀ ਤੱਕ ਸੜਕ ਦੇ ਹਿੱਸੇ ਦਾ ਵਿਸਤ੍ਰਿਤ ਨਿਰੀਖਣ ਕੀਤਾ। ਇਹ ਸੜਕ ਉਨ੍ਹਾਂ ਦੇ ਹਿੱਸੇ ਆਈ ਹੈ। ਨਿਰੀਖਣ ਦੇ ਵੇਰਵੇ ਸਾਂਝੇ ਕਰਦੇ ਹੋਏ, ਡੀ ਸੀ ਕੋਮਲ ਮਿੱਤਲ ਨੇ ਕਿਹਾ ਕਿ ਫੇਜ਼ 6 ਦੇ ਲਾਈਟ ਪੁਆਇੰਟ ਤੋਂ 11 ਤੱਕ ਦੇ ਸੜਕੀ ਹਿੱਸੇ ਦੀ ਪੂਰੀ ਡੂੰਘਾਈ ਨਾਲ ਸਮੀਖਿਆ ਕੀਤੀ ਗਈ। ਅਧਿਕਾਰੀਆਂ ਨੂੰ ਸਮਾਂਬੱਧ ਢੰਗ ਨਾਲ ਸਾਰੀਆਂ ਸਮੱਸਿਆਵਾਂ ਨੂੰ ਠੀਕ ਕਰਨ ਦੇ ਨਿਰਦੇਸ਼ ਦਿੱਤੇ ਗਏ। ਫੇਜ਼ 6 ਲਾਈਟ ਪੁਆਇੰਟ 'ਤੇ, ਉਨ੍ਹਾਂ ਨੇ ਕੰਮ ਦੀ ਭਾਲ ਵਿੱਚ ਵਾਹਨਾਂ ਨੂੰ ਰੋਕਦੇ ਮਜ਼ਦੂਰਾਂ ਦੇ ਇੱਕ ਅਸੰਗਠਿਤ ਇਕੱਠ ਨੂੰ ਦੇਖਿਆ। ਉਨ੍ਹਾਂ ਨੇ ਨਿਰਦੇਸ਼ ਦਿੱਤਾ ਕਿ ਉਹਨਾਂ ਨੂੰ ਇੱਕ ਨਿਰਧਾਰਤ ਸਥਾਨ 'ਤੇ ਤਬਦੀਲ ਕੀਤਾ ਜਾਵੇ ਜਿੱਥੇ ਆਵਾਜਾਈ ਦਾ ਪ੍ਰਵਾਹ ਬੇਰੋਕ ਰਹੇ।



# ਮੋਹਾਲੀ ਪੁਲਿਸ ਨੇ 1 ਕੁਇੰਟਲ 35 ਕਿੱਲੋ 480 ਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਇੱਕ ਦੋਸ਼ੀ ਗ੍ਰਿਫਤਾਰ ਕੀਤਾ

ਜ਼ੀਰਕਪੁਰ, (ਸਵਰਨ ਸਿੰਘ ਬਾਵਾ)- ਸ਼ ?ਰੀ ਸੌਰਵ ਜਿੰਦਲ, ਕਪਤਾਨ ਪੁਲਿਸ (ਜਾਂਚ), ਜ਼ਿਲ੍ਹਾ ਐਸ.ਏ.ਐਸ ਨਗਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ ?ਰੀ ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਐਸ.ਏ.ਐਸ ਨਗਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਮਾੜੇ ਅਨਸਰਾਂ ਅਤੇ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਦੌਰਾਨ ਸ਼ ?ਰੀ ਤਲਵਿੰਦਰ ਸਿੰਘ ਪੀ.ਪੀ.ਐਸ ਕਪਤਾਨ ਪੁਲਿਸ (ਅਪਰੇਸ਼ਨ) ਸ਼ ?ਰੀ ਜਤਿੰਦਰ ਸਿੰਘ ਚੌਹਾਨ, ਉਪ ਕਪਤਾਨ ਪੁਲਿਸ (ਜਾਂਚ) ਦੀ ਨਿਗਰਾਨੀ ਹੇਠ ਇੰਸ: ਹਰਮਿੰਦਰ ਸਿੰਘ, ਇੰਚਾਰਜ ਸੀ.ਆਈ.ਏ ਸਟਾਫ ਮੋਹਾਲੀ ਦੀ ਟੀਮ ਵੱਲੋਂ 01 ਦੋਸ਼ੀ ਨੂੰ ਗ੍ਰਿਫਤਾਰ ਕਰਕੇ 1 ਕੁਇੰਟਲ 35 ਕਿੱਲੋ 480 ਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ। ਸ਼ ?ਰੀ ਸੌਰਵ ਜਿੰਦਲ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਅੱਗੇ ਦੱਸਿਆ ਕਿ ਮਿਤੀ 17-07-2025 ਨੂੰ ਸੀ.ਆਈ.ਏ ਸਟਾਫ ਮੋਹਾਲੀ ਦੀ ਪੁਲਿਸ ਪਾਰਟੀ ਦੇ ਸੇਖਣ ਮਾਜਰਾ ਰੋਡ ਨੇੜੇ ਪਿੰਡ ਕੁਰੜੀ ਮੌਜੂਦ ਸੀ, ਜਿੱਥੇ ਸੂਚਨਾ ਮਿਲੀ ਕਿ



ਇਕਬਾਲ ਸਿੰਘ ਉੱਰਫ ਜੱਗੂ ਪੁੱਤਰ ਬਲੀ ਸਿੰਘ ਵਾਸੀ ਪਿੰਡ ਬੂਟਾ ਸਿੰਘ ਵਾਲਾ ਰੋਡ ਵਾਰਡ ਨੰ: 9 ਬਨੂੰੜ ਜੋ ਕਿ ਆਪਣੇ ਸਾਥੀ ਜਰਨੈਲ ਸਿੰਘ ਉੱਰਫ ਜੈਲਾ ਅਤੇ ਪਰਮਜੀਤ ਸਿੰਘ ਉੱਰਫ ਪੰਮਾ ਪੁੱਤਰਾਨ ਐਹਲ ਸਿੰਘ ਵਾਸੀ ਪਿੰਡ ਸੇਖਣ ਮਾਜਰਾ ਨਾਲ ਮਿਲ ਕੇ ਭੁੱਕੀ ਚੂਰਾ ਪੋਸਤ ਵੇਚਣ ਦਾ ਨਜਾਇਜ਼ ਧੰਦਾ ਕਰਦੇ ਹਨ, ਜੋ ਇਹਨਾਂ ਨੇ ਹੁਣ ਵੀ ਬਾਹਰਲੀ ਸਟੇਟਾਂ ਤੋਂ ਭੁੱਕੀ ਚੂਰਾ ਪੋਸਤ ਦੀ ਖੇਪ ਮੰਗਵਾ ਕੇ ਜਰਨੈਲ ਸਿੰਘ ਉੱਰਫ ਜੈਲਾ ਅਤੇ ਪਰਮਜੀਤ ਸਿੰਘ ਉੱਰਫ ਪੰਮਾ ਦੇ ਤੂੜੀ ਵਾਲੇ ਕਮਰੇ ਵਿੱਚ ਡੰਪ ਕੀਤੀ ਹੋਈ ਹੈ। ਜੋ ਥੋੜੀ ਥੋੜੀ ਮਾਤਰਾ ਵਿੱਚ ਇਹ ਭੁੱਕੀ ਚੂਰਾ ਪੋਸਤ ਆਈ.ਟੀ ਸਿਟੀ ਅਤੇ ਬਨੂੰੜ ਦੇ ਏਰੀਆ ਵਿੱਚ ਆਪਣੇ ਗ੍ਰਾਹਕਾਂ ਨੂੰ ਸਪਲਾਈ ਕਰਦੇ ਹਨ।

# ਪੰਜਾਬ ਫੂਡ ਕਮਿਸ਼ਨ ਸਕੂਲਾਂ ਅਤੇ ਆਂਗਣਵਾੜੀਆਂ ਵਿੱਚ ਪੋਸ਼ਣ ਗਾਰਡਨ ਸਥਾਪਤ ਕਰਵਾਏਗਾ

**ਪਹਿਲ ਦਾ ਉਦੇਸ਼ ਬੱਚਿਆਂ ਨੂੰ ਬਿਨਾਂ ਕਿਸੇ ਕੀਮਤ ਦੇ ਪੌਸ਼ਟਿਕ, ਭਰਪੂਰ ਖ਼ੁਰਾਕ ਪ੍ਰਦਾਨ ਕਰਨਾ- ਚੇਅਰਮੈਨ ਬਾਲ ਮੁਕੰਦ ਸ਼ਰਮਾ**

ਜ਼ੀਰਕਪੁਰ, : ਸਵਰਨ ਸਿੰਘ ਬਾਵਾ-ਪੰਜਾਬ ਰਾਜ ਖ਼ੁਰਾਕ ਕਮਿਸ਼ਨ ਨੇ ਰਾਜ ਭਰ ਦੇ ਸਕੂਲਾਂ ਅਤੇ ਆਂਗਣਵਾੜੀਆਂ ਵਿੱਚ ਪੋਸ਼ਣ ਗਾਰਡਨ ਸਥਾਪਤ ਕਰਨ ਦੀ ਪਹਿਲ ਦਾ ਪ੍ਰਸਤਾਵ ਰੱਖਿਆ ਹੈ, ਇਹ ਐਲਾਨ ਚੇਅਰਮੈਨ ਬਾਲ ਮੁਕੰਦ ਸ਼ਰਮਾ ਨੇ ਅੱਜ ਐਸ ਏ ਐਸ ਨਗਰ ਦੇ ਆਪਣੇ ਦੌਰੇ ਦੌਰਾਨ ਕੀਤਾ। ਰਾਸ਼ਟਰੀ ਖ਼ੁਰਾਕ ਸੁਰੱਖਿਆ ਮਿਸ਼ਨ ਨੂੰ ਲਾਗੂ ਕਰਨ ਲਈ ਜ਼ਿੰਮੇਵਾਰ ਵੱਖ-ਵੱਖ ਜ਼ਿਲ੍ਹਾ ਵਿਭਾਗਾਂ ਦੀ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਚੇਅਰਮੈਨ ਸ਼ਰਮਾ ਨੇ ਕਿਹਾ ਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀਏਯੂ) ਅਤੇ ਰਾਜ ਬਾਗਬਾਨੀ ਵਿਭਾਗ ਦੇ ਸਹਿਯੋਗ ਨਾਲ ਇੱਕ ਲੰਬੇ ਸਮੇਂ ਦੀ ਯੋਜਨਾ ਤਿਆਰ ਕੀਤੀ ਗਈ ਹੈ। ਯੋਜਨਾ ਨੂੰ ਰਾਜ ਸਰਕਾਰ ਤੋਂ ਲੋੜੀਂਦੀਆਂ ਪ੍ਰਵਾਨਗੀਆਂ ਮਿਲ ਗਈਆਂ ਹਨ, ਜਿਸ ਨਾਲ ਬੱਚਿਆਂ ਦੀ ਸਿਹਤ ਅਤੇ ਪੋਸ਼ਣ ਸੰਬੰਧੀ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਿਆ ਗਿਆ ਹੈ।



# ਪੰਜਾਬ ਸਰਕਾਰ ਸੂਬੇ ਭਰ ਵਿੱਚ 13,000 ਅਤਿ-ਆਧੁਨਿਕ ਸਟੇਡੀਅਮਾਂ ਦੀ ਉਸਾਰੀ ਕਰੇਗੀ - ਚੇਅਰਮੈਨ ਰਾਜੀਵ ਸ਼ਰਮਾ

**ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ - ਰਾਜੀਵ ਸ਼ਰਮਾ**

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਜਲਦੀ ਹੀ ਸੂਬੇ ਭਰ ਵਿੱਚ 13,000 ਅਤਿ-ਆਧੁਨਿਕ ਸਟੇਡੀਅਮਾਂ ਦੀ ਉਸਾਰੀ ਸ਼ੁਰੂ ਕਰੇਗੀ, ਜਿਸ ਦੇ ਪਹਿਲੇ ਪੜਾਅ ਅਧੀਨ 3,083 ਅਜਿਹੇ ਸਟੇਡੀਅਮਾਂ ਦੀ ਉਸਾਰੀ ਦਾ ਕੰਮ ਪਹਿਲਾਂ ਹੀ ਚੱਲ ਰਿਹਾ ਹੈ। ਪੰਜਾਬ ਸਰਕਾਰ ਦੇ ਇਹ ਉਪਰਾਲੇ ਸੂਬੇ ਵਿੱਚ ਖੇਡ ਸੱਭਿਆਚਾਰ ਨੂੰ ਉਤਸ਼ਾਹਤ ਕਰਨਗੇ ਅਤੇ ਨੌਜਵਾਨ ਖੇਡਾਂ ਨਾਲ ਜੁੜ ਕੇ ਨਸ਼ਿਆਂ ਤੋਂ ਦੂਰ ਰਹਿਣਗੇ ਇਹ ਪ੍ਰਗਟਾਵਾ ਕਰਦਿਆਂ ਗੁਰਦਾਸਪੁਰ ਨਗਰ ਸੁਧਾਰ ਟਰੱਸਟ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਦੇ ਨੌਜਵਾਨਾਂ ਦੀ ਅਥਾਹ ਊਰਜਾ ਨੂੰ ਸਕਾਰਾਤਮਕ ਪਾਸੇ ਲਾਉਣ ਲਈ ਖੇਡਾਂ ਨੂੰ ਉਤਸ਼ਾਹਿਤ ਕਰਨ ਤੇ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਅਤੇ ਵਿਸ਼ਵ ਪੱਧਰੀ ਖੇਡ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਅੰਤਰਰਾਸ਼ਟਰੀ ਪੱਧਰ ਤੇ ਭਾਰਤ ਦੀ ਨੁਮਾਇੰਦਗੀ ਕਰਨ ਵਾਲੇ ਹੋਣਹਾਰ ਖਿਡਾਰੀਆਂ ਨੂੰ ਇਨ੍ਹਾਂ ਨਵੀਆਂ ਸਹੂਲਤਾਂ ਵਿੱਚ ਉਭਰਦੇ ਖਿਡਾਰੀਆਂ ਨੂੰ ਸਿਖਲਾਈ ਦੇਣ ਵਾਸਤੇ ਕੋਚ ਵਜੋਂ ਨਿਯੁਕਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੀ ਗੁਆਚੀ ਸ਼ਾਨ ਬਹਾਲ ਕਰਨ ਸਬੰਧੀ ਆਪਣੇ ਯਤਨਾਂ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੇਗੀ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰਾਂ ਨੇ ਸੂਬੇ ਚ ਖੇਡ ਬੁਨਿਆਦੀ ਢਾਂਚੇ ਦੇ ਵਿਕਾਸ ਜਾਂ ਨੌਜਵਾਨਾਂ ਦੇ ਰੋਜ਼ਗਾਰ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਦੇ ਨਤੀਜੇ ਵਜੋਂ ਸੂਬੇ ਭਰ ਵਿੱਚ ਨਸ਼ੇ ਦਾ ਕਾਰੋਬਾਰ ਬਿਨਾਂ ਕਿਸੇ ਰੋਕ-ਟੋਕ ਦੇ ਇੰਨੀ ਵੱਡੀ ਪੱਧਰ ਤੇ ਫੈਲ ਗਿਆ ਅਤੇ ਪੰਜਾਬ ਦੇ ਕਈ ਨੌਜਵਾਨ ਨਸ਼ੇ ਦੇ ਆਦੀ ਹੋ ਗਏ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੁਆਰਾ ਸ਼ੁਰੂ ਕੀਤੀ ਗਈ ਨਸ਼ਾ ਵਿਰੋਧੀ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਸਦਕਾ ਸੂਬੇ ਦੇ ਹਾਲਾਤ ਹੁਣ ਦਿਨ-ਬ-ਦਿਨ ਬਦਲ ਰਹੇ ਹਨ ਰਾਜੀਵ ਸ਼ਰਮਾ ਨੇ ਕਿਹਾ ਕਿ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜ ਦਿੱਤਾ ਗਿਆ ਹੈ ਅਤੇ ਨਸ਼ੇ ਦੇ ਆਦੀ ਜ਼ਿਆਦਾਤਰ ਨੌਜਵਾਨ ਨਸ਼ਾ ਛੱਡਣ ਅਤੇ ਮੁੜ ਵਸੇਬੇ ਲਈ ਇਲਾਜ ਕਰਵਾ ਰਹੇ ਹਨ ਉਨ੍ਹਾਂ ਕਿਹਾ ਕਿ ਇਸ ਮੁਹਿੰਮ ਦਾ ਉਦੇਸ਼ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢ ਕੇ ਉਨ੍ਹਾਂ ਨੂੰ ਸੂਬੇ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਭਾਈਵਾਲ ਬਣਾਉਣਾ ਹੈ।



# ਵਿਦਿਆਰਥੀਆਂ ਨੂੰ ਨਸ਼ਿਆਂ ਦੀ ਵਰਤੋਂ ਨਾ ਕਰਨ ਸਬੰਧੀ ਅਤੇ ਟਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਕੀਤਾ ਗਿਆ ਜਾਗਰੂਕ

ਐਸ.ਏ.ਐਸ.ਨਗਰ, ਧਾਮੀ ਸ਼ਰਮਾ - ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ, ਜ਼ਿਲ੍ਹਾ ਐਸ.ਏ.ਐਸ.ਨਗਰ, ਸ੍ਰੀ ਨਵਨੀਤ ਸਿੰਘ ਮਾਹਲ ਪੀ.ਪੀ.ਐਸ. ਕਪਤਾਨ ਪੁਲਿਸ ਟ ?ਰੈਫਿਕ ਵੱਲੋਂ ਨਸ਼ਿਆਂ ਖਿਲਾਫ ਅਤੇ ਟ ?ਰੈਫਿਕ ਨਿਯਮਾਂ ਦੀ ਜਾਗਰੂਕਤਾ ਸਬੰਧੀ ਚਲਾਈ ਗਈ ਮੁਹਿੰਮ ਤਹਿਤ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਹੇਠ ਕਰਨੈਲ ਸਿੰਘ ਪੀ.ਪੀ.ਐਸ਼. ਉਪ ਕਪਤਾਨ ਪੁਲਿਸ, ਟ ?ਰੈਫਿਕ ਵੱਲੋਂ ਅੱਜ ਜੀ.ਡੀ. ਗੋਇਨਕਾ ਸਕੂਲ, ਸੈਕਟਰ-69 ("GD GOENKA Schools Sector-FI"), ਐਸ.ਏ.ਐਸ.ਨਗਰ ਵਿਖੇ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਵਰਤੋਂ ਨਾ ਕਰਨ ਸਬੰਧੀ ਅਤੇ ਟ ?ਰੈਫਿਕ ਨਿਯਮਾਂ ਦੀ ਪਾਲਣਾ ਕਰਨ ਸਬੰਧੀ ਇੱਕ ਵਿਸ਼ੇਸ਼ ਸੈਮੀਨਾਰ ਲਗਾ ਕੇ ਜਾਗਰੂਕ ਕੀਤਾ ਗਿਆ, ਇਸ ਸੈਮੀਨਾਰ ਦਾ ਮੁੱਖ ਉਦੇਸ਼ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ, ਟ ?ਰੈਫਿਕ ਨਿਯਮਾਂ ਦੀ ਪਾਲਣਾ ਕਰਨ ਅਤੇ ਖੇਡਾਂ ਵੱਲ ਜਾਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਗਿਆ। ਇਸ ਸੈਮੀਨਾਰ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੂੰ ਸਮਝਾਇਆ ਗਿਆ ਕਿ ਕੁਝ ਗਲਤ ਅਨਸਰਾਂ ਵੱਲੋਂ ਵਿਦਿਆਰਥੀਆਂ ਨੂੰ ਨਸ਼ੇ ਤੇ ਲਗਾ ਦਿੱਤਾ ਜਾਂਦਾ ਹੈ, ਇਸ ਲਈ ਅਜਿਹੇ ਮਾੜੇ ਅਨਸਰਾਂ ਤੋਂ ਆਪਣਾ ਬਚਾਅ ਰੱਖੋ। ਇਸਦੇ ਨਾਲ ਹੀ ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਮੋਟਰ ਵਹੀਕਲ ਐਕਟ ਦੀ ਧਾਰਾ 199 ਏ ਤਹਿਤ ਜੇਕਰ 18 ਸਾਲ ਤੋਂ ਘੱਟ ਉਮਰ ਦਾ ਕੋਈ ਬੱਚਾ ਵਹੀਕਲ ਚਲਾਉਂਦਾ ਹੈ ਤਾਂ ਉਸਦੇ ਮਾਪਿਆਂ ਨੂੰ 3 ਸਾਲ ਦੀ ਕੈਦ, 25 ਹਜਾਰ ਰੁਪਏ ਤੱਕ ਦਾ ਜੁਰਮਾਨਾ ਹੋ ਸਕਦਾ ਹੈ ਅਤੇ 18 ਸਾਲ ਤੋਂ ਘੱਟ ਉਮਰ ਦੇ ਬੱਚੇ ਨੂੰ ਵਹੀਕਲ ਦੇਣ ਵਾਲੇ ਵਿਅਕਤੀ ਨੂੰ ਵੀ 3 ਸਾਲ ਦੀ ਸਜਾ ਜਾਂ ਜੁਰਮਾਨਾ ਹੋ ਸਕਦਾ ਹੈ।




# ਮੁੱਲਾਪੁਰ ਨਿਊ-ਚੰਡੀਗੜ੍ਹ ਵਿੱਚ ਵੱਖ-ਵੱਖ ਪਾਰਟੀਆਂ ਦੇ ਲੋਕ ਭਾਜਪਾ ਵਿੱਚ ਸ਼ਾਮਲ ਹੋਏ, ਕੁਸ਼ਤੀ ਦਾ ਅਖਾੜਾ ਚਲਾਉਣ ਵਾਲੇ ਮਸ਼ਹੂਰ ਪਹਿਲਵਾਨ ਰਵੀ ਸ਼ਰਮਾ ਅਤੇ ਵਿਨੋਦ ਗੋਲੂ ਸ਼ਰਮਾ ਆਪਣੇ 150 ਤੋਂ ਵੱਧ ਸਾਥੀਆਂ ਸਮੇਤ ਭਾਜਪਾ ਵਿੱਚ ਸ਼ਾਮਲ ਹੋਏ- ਖੇਡਾਂ ਨੂੰ ਉਤਸ਼ਾਹਿਤ ਕਰਨਾ ਕੇਂਦਰ ਸਰਕਾਰ ਦਾ ਮੁੱਖ ਉਦੇਸ਼ ਹੈ: ਸੁਭਾਸ਼ ਸ਼ਰਮਾ

ਜੀਵਨ ਕੁਮਾਰ ਚੰਡੀਗੜ੍ਹ- ਅੱਜ, ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਨਿਊ ਚੰਡੀਗੜ੍ਹ ਦੇ ਮੁੱਲਾਪੁਰ (ਖਰੜ ਵਿਧਾਨ ਸਭਾ) ਪਿੰਡ ਵਿੱਚ ਪਹਿਲਵਾਨ ਰਵੀ ਸ਼ਰਮਾ ਅਤੇ ਵਿਨੋਦ ਗੋਲੂ ਸ਼ਰਮਾ ਦੀ ਅਗਵਾਈ ਵਿੱਚ ਵੱਖ-ਵੱਖ ਪਾਰਟੀਆਂ ਦੇ 150 ਤੋਂ ਵੱਧ ਨੌਜਵਾਨਾਂ ਅਤੇ ਪਿੰਡ ਵਾਸੀਆਂ ਨੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਇਹ ਮੈਂਬਰਸ਼ਿਪ ਸਮਾਰੋਹ ਪੰਜਾਬ ਭਾਜਪਾ ਲੀਗਲ ਸੈੱਲ ਦੇ ਕਨਵੀਨਰ ਸ਼੍ਰੀ ਐਨ.ਕੇ. ਵਰਮਾ, ਸੂਬਾਈ ਉਪ ਪ੍ਰਧਾਨ ਸ਼੍ਰੀ ਸੁਭਾਸ਼ ਸ਼ਰਮਾ ਅਤੇ ਜ਼ਿਲ੍ਹਾ ਮੋਹਾਲੀ ਪ੍ਰਧਾਨ ਸ਼੍ਰੀ ਸੰਜੀਵ ਵਸ਼ਿਸ਼ਟ ਦੀ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ, ਉਨ੍ਹਾਂ ਦੇ ਨਾਲ ਭੁਪਿੰਦਰ ਭੂਪੀ ਸਕੱਤਰ ਜ਼ਿਲ੍ਹਾ ਮੋਹਾਲੀ, ਪ੍ਰਮੋਦ ਕੁਮਾਰ ਕੌਂਸਲਰ ਨਵਾਂਗਾਓਂ ਅਤੇ ਪ੍ਰਧਾਨ ਐਸਸੀ ਸੈੱਲ ਜ਼ਿਲ੍ਹਾ ਮੋਹਾਲੀ, ਪੁਨੀਤ ਸਿੰਗਲਾ ਮੰਡਲ ਪ੍ਰਧਾਨ ਨਿਊ ਚੰਡੀਗੜ੍ਹ ਵੀ ਪਹੁੰਚੇ। ਇਸ ਇਕੱਠ ਦਾ ਆਯੋਜਨ ਨਿਊ ਚੰਡੀਗੜ੍ਹ ਦੇ ਪ੍ਰਸਿੱਧ ਪਹਿਲਵਾਨ ਵਿਨੋਦ ਕੁਮਾਰ ਅਤੇ ਪਹਿਲਵਾਨ ਅਤੇ ਖੇਡ ਪ੍ਰਮੋਟਰ ਰਵੀ ਸ਼ਰਮਾ ਨੇ ਕੀਤਾ। ਇਸ ਇਕੱਠ ਵਿੱਚ ਲਗਭਗ 200 ਨੌਜਵਾਨ ਅਤੇ ਪਿੰਡ ਵਾਸੀ ਮੌਜੂਦ ਸਨ। ਪੰਜਾਬ ਭਾਜਪਾ ਲੀਗਲ ਸੈੱਲ ਦੇ ਕਨਵੀਨਰ ਸ੍ਰੀ ਐਨ.ਕੇ. ਵਰਮਾ ਅਤੇ ਸੀਨੀਅਰ ਭਾਜਪਾ ਆਗੂ ਅਤੇ ਪੰਜਾਬ ਦੇ ਉਪ ਪ੍ਰਧਾਨ ਸੁਭਾਸ਼ ਸ਼ਰਮਾ ਨੇ ਅੱਜ ਨਿਊ ਚੰਡੀਗੜ੍ਹ ਦੇ ਮੁੱਲਾਪੁਰ ਗਰੀਬਦਾਸ ਵਿੱਚ ਇੱਕ ਜਨਤਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਾਵੇਂ ਕੇਂਦਰ ਸਰਕਾਰ ਵਿੱਚ ਵੱਖ-ਵੱਖ ਪਾਰਟੀਆਂ ਦੀਆਂ ਸਰਕਾਰਾਂ ਸੱਤਾ ਵਿੱਚ ਆਈਆਂ ਹਨ ਪਰ ਕਿਸੇ ਵੀ ਪਾਰਟੀ ਜਾਂ ਸਰਕਾਰ ਨੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲੋੜੀਂਦੇ ਯਤਨ ਨਹੀਂ ਕੀਤੇ ਹਨ।






# ਐਸ.ਏ.ਐਸ.ਨਗਰ ਵਿੱਚ ਅਗਾਮੀ ਪੰਚਾਇਤ ਦੀਆਂ ਜਿਮਨੀ ਚੋਣਾਂ 27 ਜੁਲਾਈ ਨੂੰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, : ਧਾਮੀ ਸ਼ਰਮਾ-ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ, ਐਸ.ਏ.ਐਸ.ਨਗਰ, ਸੋਨਮ ਚੌਧਰੀ, ਦੀ ਅਗਵਾਈ ਹੇਠ ਐਨ.ਆਈ.ਸੀ. ਵਿੱਚ ਅਗਾਮੀ ਪੰਚਾਇਤੀ ਜਿਮਨੀ ਚੋਣਾਂ 2025, ਜੋ ਕਿ ਮਿਤੀ 27 ਜੁਲਾਈ 2025 ਨੂੰ ਹੋਣੀ ਨਿਯਤ ਹੋਈ ਹੈ, ਸਬੰਧੀ ਅੱਜ ਮਿਤੀ 18/07/2025 ਨੂੰ ਪੋਲਿੰਗ ਸਟਾਫ ਲਗਾਉਣ ਸਬੰਧੀ ਫਸਟ ਰੈਂਡਾਮਾਈਜੇਸ਼ਨ ਕੀਤੀ ਗਈ। ਇਨ੍ਹਾਂ ਚੋਣਾਂ ਵਿੱਚ ਜ਼ਿਲ੍ਹੇ ਵਿੱਚ ਕੁੱਲ 5 ਸਰਪੰਚਾਂ ਅਤੇ 114 ਪੰਚਾਂ ਦੀ ਚੋਣ ਕੀਤੀ ਜਾਣੀ ਹੈ।

# ਪੱਛੜੀਆਂ ਸ਼੍ਰੇਣੀਆਂ ਨੂੰ ਭਲਾਈ ਯੋਜਨਾਵਾਂ ਦਾ ਲਾਭ ਦੇਣ ਵਿੱਚ ਕੋਈ ਦੇਰੀ ਬਰਦਾਸ਼ਤ ਨਹੀਂ: ਮਲਕੀਤ ਥਿੰਦ

**ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਭਲਾਈ ਯੋਜਨਾਵਾਂ ਬਾਰੇ ਲੋਕ ਜਾਗਰੂਕਤਾ ਕਰਨ ਲਈ ਆਖਿਆ**

ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਧਾਮੀ ਸ਼ਰਮਾ-ਪੰਜਾਬ ਰਾਜ ਪੱਛੜੀਆਂ ਸ਼੍ਰੇਣੀਆਂ ਕਮਿਸ਼ਨ ਦੇ ਚੇਅਰਮੈਨ ਸ਼੍ਰੀ ਮਲਕੀਤ ਸਿੰਘ ਥਿੰਦ ਨੇ ਅੱਜ ਜ਼ਿਲ੍ਹਾ ਪ੍ਰਸ਼ਾਸ਼ਕੀ ਕੰਪਲੈਕਸ ਦੇ ਮੀਟਿੰਗ ਹਾਲ ਵਿਖੇ ਜ਼ਿਲ੍ਹਾ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਨੂੰ ਮੁਹੱਈਆ ਕਰਵਾਈਆਂ ਜਾ ਰਹੀਆਂ ਸੁਵਿਧਾਵਾਂ ਬਾਰੇ ਜਾਇਜ਼ਾ ਲਿਆ। ਚੇਅਰਮੈਨ ਸ਼੍ਰੀ ਮਲਕੀਤ ਸਿੰਘ ਥਿੰਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਪੱਛੜੀਆਂ ਸ਼੍ਰੇਣੀਆਂ ਨਾਲ ਸਬੰਧਤ ਲੋਕਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਬਹੁ-ਗਿਣਤੀ ਸਕੀਮਾਂ ਚਲਾਈਆਂ ਜਾ ਰਹੀਆਂ ਹਨ ਅਤੇ ਇਨ੍ਹਾਂ ਸਕੀਮਾਂ ਬਾਰੇ ਲੋਕਾਂ ਨੂੰ ਜਾਣੂ ਕਰਵਾਉਣ ਲਈ ਵਿਭਾਗੀ ਪੱਧਰ 'ਤੇ ਵਧੇਰੇ ਜਾਗਰੂਕਤਾ ਕੈਂਪ ਲਗਾਏ ਜਾਣਾ ਸਮੇਂ ਦੀ ਅਹਿਮ ਲੋੜ ਹੈ। ਉਨ੍ਹਾਂ ਕਿਹਾ ਕਿ ਪੱਛੜੀਆਂ ਸ਼੍ਰੇਣੀਆਂ ਨੂੰ ਭਲਾਈ ਯੋਜਨਾਵਾਂ ਦਾ ਬਣਦਾ ਲਾਭ ਦੇਣ ਵਿੱਚ ਢਿੱਲਮੱਠ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



# ਯੁੱਧ ਨਸ਼ਿਆਂ ਵਿਰੁੱਧ; ਮੋਹਾਲੀ ਪੁਲਿਸ ਨੂੰ ਫਿਰ ਮਿਲੀ ਵੱਡੀ ਸਫਲਤਾ

## 1 ਕੁਇੰਟਲ 35 ਕਿੱਲੋ 480 ਗ੍ਰਾਮ ਭੁੱਕੀ ਚੂਰਾ ਪੋਸਤ ਸਮੇਤ ਇੱਕ ਦੋਸ਼ੀ ਗ੍ਰਿਫਤਾਰ

ਸਾਹਿਬਜ਼ਾਦਾ ਅਜੀਤ ਸਿੰਘ ਨਗਰ, : ਧਾਮੀ ਸ਼ਰਮਾ- ਸ਼ ?ਰੀ ਸੌਰਵ ਜਿੰਦਲ, ਕਪਤਾਨ ਪੁਲਿਸ (ਜਾਂਚ), ਜ਼ਿਲ੍ਹਾ ਐਸ.ਏ.ਐਸ ਨਗਰ ਨੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਹਰਮਨਦੀਪ ਸਿੰਘ ਹਾਂਸ, ਸੀਨੀਅਰ ਕਪਤਾਨ ਪੁਲਿਸ ਜ਼ਿਲ੍ਹਾ ਐਸ.ਏ.ਐਸ ਨਗਰ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਮਾੜੇ ਅਨਸਰਾਂ ਅਤੇ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਦੌਰਾਨ ਸ਼ ?ਰੀ ਤਲਵਿੰਦਰ ਸਿੰਘ ਪੀ.ਪੀ.ਐਸ ਕਪਤਾਨ ਪੁਲਿਸ (ਅਪਰੇਸ਼ਨ) ਸ਼ ?ਰੀ ਜਤਿੰਦਰ ਸਿੰਘ ਚੌਹਾਨ, ਉਪ ਕਪਤਾਨ ਪੁਲਿਸ (ਜਾਂਚ) ਦੀ ਨਿਗਰਾਨੀ ਹੇਠ ਇੰਸ: ਹਰਮਿੰਦਰ ਸਿੰਘ, ਇੰਚਾਰਜ ਸੀ.ਆਈ.ਏ ਸਟਾਫ ਮੋਹਾਲੀ ਦੀ ਟੀਮ ਵੱਲੋਂ 01 ਦੋਸ਼ੀ ਨੂੰ ਗ੍ਰਿਫਤਾਰ ਕਰਕੇ 1 ਕੁਇੰਟਲ 35 ਕਿੱਲੋ 480 ਗ੍ਰਾਮ ਭੁੱਕੀ ਚੂਰਾ ਪੋਸਤ ਬ੍ਰਾਮਦ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਹੈ।



# ਲੈਂਡ ਪੂਲਿੰਗ ਨੀਤੀ ਤਹਿਤ ਸਰਕਾਰ ਕਲੋਨਾਈਜ਼ਰਾਂ ਨੂੰ ਫਾਇਦਾ ਦੇਣ ਲਈ ਜ਼ਮੀਨਾਂ ਤੇ ਕਬਜਾ ਕਰਨਾ ਚਾਹੁੰਦੀ ਹੈ : ਅਮਨਦੀਪ ਸ਼ਰਮਾਂ

ਰਾਏਕੋਟ, ( ਗੁਰਭਿੰਦਰ ਗੁਰੀ ) : ਲੈਂਡ ਪੂਲਿੰਗ ਨੀਤੀ ਤਹਿਤ ਸਰਕਾਰ ਸਿੱਧੇ ਤੌਰ ਤੇ ਕਲੋਨਾਈਜ਼ਰਾਂ ਨੂੰ ਫਾਇਦਾ ਦੇਣ ਲਈ ਕਿਸਾਨਾਂ ਦੀਆਂ ਜ਼ਮੀਨਾਂ ਤੇ ਕਬਜਾ ਕਰਨਾ ਚਾਹੁੰਦੀ ਹੈ, ਇੰਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਜਿਲ੍ਹਾ ਮੀਤ ਪ੍ਰਧਾਨ ਅਮਨਦੀਪ ਸ਼ਰਮਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਜ਼ਮੀਨ ਕਿਸਾਨਾਂ ਦੀ ਮਾਂ ਹੈ, ਪਰ ਸਰਕਾਰ ਕਿਸਾਨਾਂ ਦੀ ਮਰਜ਼ੀ ਤੋਂ ਬਿਨ੍ਹਾਂ ਉਨ੍ਹਾਂ ਦੀ ਵਾਹੀਯੋਗ ਜ਼ਮੀਨ ਖੋਹਣਾ ਚਾਹੁੰਦੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਕਿਸਾਨ ਇੰਨ੍ਹਾਂ ਜ਼ਮੀਨਾਂ ਰਾਹੀਂ ਫਸਲ ਉਗਾ ਕੇ ਦੇਸ਼ ਲਈ ਅੰਨ ਪੈਦਾ ਕਰਦੇ ਹਨ, ਜੇਕਰ ਇਸੇ ਤਰ੍ਹਾਂ ਜ਼ਮੀਨ ਐਕਵਾਇਰ ਹੁੰਦੀ ਰਹੇਗੀ ਤਾਂ ਉਹ ਦਿਨ ਦੂਰ ਨਹੀਂ ਹੈ, ਜਦੋਂ ਸਾਡੇ ਕੋਲ ਖਾਣ ਲਈ ਅੰਨ ਦੀ ਵੱਡੀ ਪੱਧਰ ਤੇ ਘਾਟ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਗਲਾਡਾ ਵੱਲੋਂ ਲੈਂਡ ਪੂਲਿੰਗ ਨੀਤੀ ਤਹਿਤ ਜ਼ਮੀਨਾਂ ਐਕਵਾਇਰ ਕਰਨ ਦੀ ਤਜ਼ਵੀਜ ਨੂੰ ਪ੍ਰਵਾਨ ਕਰਨ ਨਾਲ ਹਜ਼ਾਰਾਂ ਏਕੜ ਦੇ ਮਾਲਕ ਕਿਸਾਨਾਂ ਸਮੇਤ ਲੱਖਾਂ ਲੋਕਾਂ ਦਾ ਭਵਿੱਖ ਖਤਰੇ ਵਿੱਚ ਆ ਜਾਵੇਗਾ। ਅਮਨਦੀਪ ਸ਼ਰਮਾਂ ਨੇ ਕਿਹਾ ਕਿ ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੈ, ਪਰ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਤੋਂ ਇੰਝ ਜਾਪਦਾ ਹੈ ਕਿ ਜਿਸ ਤਰ੍ਹਾਂ ਸਰਕਾਰ ਜ਼ਮੀਨਾਂ ਨੂੰ ਐਕਵਾਇਰ ਕਰਕੇ ਪੰਜਾਬ ਵਿੱਚੋਂ ਖੇਤੀਬਾੜੀ ਦੇ ਧੰਦੇ ਨੂੰ ਖ਼ਤਮ ਕਰਨਾ ਚਾਹੁੰਦੀ ਹੈ ਉਨ੍ਹਾਂ ਕਿਹਾ ਕਿ ਸਰਕਾਰ ਦੀ ਇਸ ਨੀਤੀ ਖਿਲਾਫ ਭਾਰਤੀ ਕਿਸਾਨ ਯੂਨੀਅਨ (ਏਕਤਾ) ਡਕੌਂਦਾ ਵੱਲੋਂ ਪ੍ਰਧਾਨ ਮਨਜੀਤ ਸਿੰਘ ਧਨੇਰ ਦੀ ਅਗਵਾਈ ਹੇਠ ਵੱਡਾ ਸੰਘਰਸ਼ ਸ਼ੁਰੂ ਕੀਤਾ ਜਾਵੇਗਾ। ਇਸ ਮੌਕੇ ਸਾਬਕਾ ਚੇਅਰਮੈਨ ਇੰਦਰਜੀਤ ਸਿੰਘ ਗੋਂਦਵਾਲ, ਇੰਦਰਜੀਤ ਸਿੰਘ, ਹਰਜਿੰਦਰ ਸਿੰਘ, ਅਵਤਾਰ ਸਿੰਘ, ਦਲਜੀਤ ਸਿੰਘ ਅਤੇ ਹਰਜਿੰਦਰ ਸਿੰਘ ਵੀ ਹਾਜ਼ਰ ਸਨ।



# ਕਾਨਪੁਰ ਵਿੱਚ ਰੇਲਗੱਡੀ ਦੀ ਉਡੀਕ ਕਰ ਰਿਹਾ ਬਿਹਾਰ ਦਾ ਤਸਕਰ 3 ਕਿਲੋ 900 ਗ੍ਰਾਮ ਹਸ਼ੀਸ਼ ਸਮੇਤ ਗ੍ਰਿਫ਼ਤਾਰ

ਸੁਨੀਲ ਬਾਜਪਾਈ

ਕਾਨਪੁਰ। ਘਰ ਜਾਣ ਲਈ ਰੇਲਗੱਡੀ ਦੀ ਉਡੀਕ ਕਰ ਰਿਹਾ ਬਿਹਾਰ ਦਾ ਇੱਕ ਚਲਾਕ ਤਸਕਰ, ਲੱਖਾਂ ਰੁਪਏ ਦੀ ਕੀਮਤ ਦੀ 3 ਕਿਲੋ 900 ਗ੍ਰਾਮ ਹਸ਼ੀਸ਼ ਸਮੇਤ ਗ੍ਰਿਫ਼ਤਾਰ ਕੀਤਾ ਗਿਆ।

ਜੀਆਰਪੀ ਅਤੇ ਆਰਪੀਐਫ ਨੂੰ ਕਾਨਪੁਰ ਸੈਂਟਰਲ ਰੇਲਵੇ ਸਟੇਸ਼ਨ 'ਤੇ ਇਹ ਸਫਲਤਾ ਮਿਲੀ। ਪ੍ਰਾਪਤ ਜਾਣਕਾਰੀ ਅਨੁਸਾਰ, ਬਿਹਾਰ ਦੇ ਪੂਰਬੀ ਚੰਪਾਰਣ ਜ਼ਿਲ੍ਹੇ ਦੇ ਗੋਵਿੰਦਗੰਜ ਥਾਣਾ ਖੇਤਰ ਦੇ ਸਰਾਇਆ ਨਵਾਦਾ ਪਿੰਡ ਦੇ 22 ਸਾਲਾ ਤਸਕਰ ਤੂਫਾਨ ਮਹਤੋ ਤੋਂ 3 ਕਿਲੋ 900 ਗ੍ਰਾਮ ਹਸ਼ੀਸ਼ ਬਰਾਮਦ ਕੀਤੀ ਗਈ। ਇਸਦੀ ਕੀਮਤ ਲਗਭਗ 5 ਲੱਖ ਰੁਪਏ ਦੱਸੀ ਗਈ ਹੈ।

ਜੀਆਰਪੀ ਨੇ ਦੱਸਿਆ ਕਿ ਉਸਨੂੰ ਹਰਿਸ ਗੰਜ ਪੁਲ ਦੇ ਨੇੜੇ ਫੜਿਆ ਗਿਆ ਸੀ। ਉਸ ਸਮੇਂ ਉਹ ਇੱਕ ਪਿੱਪਲ ਦੇ ਦਰੱਖਤ ਹੇਠ ਬਿਹਾਰ ਜਾਣ ਵਾਲੀ ਰੇਲਗੱਡੀ ਦੀ ਉਡੀਕ ਕਰ ਰਿਹਾ ਸੀ।

ਤਸਕਰ ਦੀ ਗ੍ਰਿਫ਼ਤਾਰੀ ਦੇ ਵੇਰਵਿਆਂ ਵਿੱਚ ਇਹ ਵੀ ਦੱਸਿਆ ਗਿਆ ਕਿ ਟੀਮ ਨੇ ਇਹ ਸਫਲਤਾ ਏਡੀਜੀ ਰੇਲਵੇ ਪ੍ਰਕਾਸ਼ ਡੀ ਦੀ ਅਗਵਾਈ ਅਤੇ ਐਸਪੀ ਰੇਲਵੇ ਪ੍ਰਯਾਗਰਾਜ ਪ੍ਰਸ਼ਾਂਤ ਵਰਮਾ ਦੀ ਨਿਗਰਾਨੀ ਹੇਠ ਹਾਸਲ ਕੀਤੀ। ਡੀਐਸਪੀ ਕਾਨਪੁਰ ਦੁਸ਼ਯੰਤ ਕੁਮਾਰ ਸਿੰਘ ਦੀ ਨਿਗਰਾਨੀ ਹੇਠ, ਜੀਆਰਪੀ ਕਾਨਪੁਰ ਸੈਂਟਰਲ ਦੇ ਇੰਚਾਰਜ ਇੰਸਪੈਕਟਰ ਓਮ ਨਾਰਾਇਣ ਸਿੰਘ ਅਤੇ ਆਰਪੀਐਫ ਪੋਸਟ ਇੰਚਾਰਜ ਸਿੱਧਨਾਥ ਪਾਟੀਦਾਰ ਵੀ ਮੌਜੂਦ ਸਨ।



# ਐਨਐਨਐਸਓ ਚੰਡੀਗੜ੍ਹ ਵੱਲੋਂ ਅਨਵੇਸ਼ਾ 2.0 ਕੁਇਜ਼ ਪ੍ਰੋਗਰਾਮ ਦਾ ਸਫਲ ਆਯੋਜਨ

ਚੰਡੀਗੜ੍ਹ, (ਲੋਕ ਬਾਣੀ) : ਭਾਰਤ ਸਰਕਾਰ ਦੇ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਦੇ ਅਧੀਨ ਨੈਸ਼ਨਲ ਸਟੈਟਿਸਟਿਕਸ ਆਫਿਸ, ਖੇਤਰੀ ਦਫ਼ਤਰ ਚੰਡੀਗੜ੍ਹ ਨੇ 18 ਜੁਲਾਈ, 2025 ਨੂੰ ਨੈਸ਼ਨਲ ਸੈਂਪਲ ਸਰਵੇਅ (ਐੱਨਐੱਸਐੱਸ) ਦੇ 75ਵੇਂ ਸਾਲ ਦੇ ਮੌਕੇ ਵਿੱਚ ਗਿਆਨ, ਇਨਸਾਈਟ, ਉੱਤਸਵ ਵਿਸ਼ੇ 'ਤੇ ਇੱਕ ਕੁਇਜ਼ ਮੁਕਾਬਲਾ "ਅਨਵੇਸ਼ਾ 2.0" ਦਾ ਸਫਲਤਾਪੂਰਨ ਆਯੋਜਨ ਮਹਾਤਮਾ ਗਾਂਧੀ ਰਾਜ ਲੋਕ ਪ੍ਰਸ਼ਾਸਨ ਸੰਸਥਾਨ, ਸੈਕਟਰ-26, ਚੰਡੀਗੜ੍ਹ ਵਿੱਚ ਕੀਤਾ। ਪ੍ਰੋਗਰਾਮ ਦਾ ਉਦਘਾਟਨ ਐੱਨਐੱਸਓ (ਐੱਫਓਡੀ), ਖੇਤਰੀ ਦਫ਼ਤਰ ਚੰਡੀਗੜ੍ਹ ਦੇ ਡਿਪਟੀ ਡਾਇਰੈਕਟਰ, ਸ਼ ?ਗੀ ਦੀਪਕ ਮੇਹਰਾ ਨੇ ਕੀਤਾ ਅਤੇ ਉਨ੍ਹਾਂ ਨੇ ਮੁੱਖ ਮਹਿਮਾਨਾਂ, ਸ਼ ?ਗੀ ਮਨੋਜ ਗੋਇਲ, ਡਾਇਰੈਕਟਰ (ਅਰਥ ਸ਼ਾਸਤਰ ਅਤੇ ਅੰਕੜਾ ਡਾਇਰੈਕਟੋਰੇਟ ਹਰਿਆਣਾ) ਦਾ ਸਵਾਗਤ ਕੀਤਾ। ਇਹ ਪ੍ਰੋਗਰਾਮ ਭੌਤਿਕ ਤੌਰ 'ਤੇ ਆਯੋਜਿਤ ਕੀਤਾ ਗਿਆ ਅਤੇ ਇਸ ਵਿੱਚ ਰਾਜਧਾਨੀ ਖੇਤਰ ਦੇ ਵਿਭਿੰਨ ਸੰਸਥਾਵਾਂ ਦੇ ਕਾਲਜ ਅਤੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀ ਉਤਸ਼ਾਹਪੂਰਣ ਭਾਗੀਦਾਰੀ ਦੇਖੀ ਗਈ। ਵੱਖ-ਵੱਖ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ (ਮੁੱਖ ਤੌਰ 'ਤੇ ਅੰਕੜਾ ਅਤੇ ਅਰਥ ਸ਼ਾਸਤਰ ਵਿਭਾਗ) ਵਿੱਚ ਦਾਖਲ ਹੋਏ ਸਰਕਾਰੀ ਅਤੇ ਨਿਜੀ ਦੋਵਾਂ ਸੰਸਥਾਵਾਂ ਦੇ ਵਿਦਿਆਰਥੀਆਂ ਨੇ ਮੁਕਾਬਲੇ ਵਿੱਚ ਹਿੱਸਾ ਲਿਆ। ਵੱਖ-ਵੱਖ ਸੰਸਥਾਵਾਂ ਦੇ ਕੁੱਲ 48 ਵਿਦਿਆਰਥੀਆਂ ਨੇ ਕੁਇਜ਼ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਮੁਕਾਬਲੇ ਦੇ ਸੁਚਾਰੂ ਅਤੇ ਪੇਸ਼ੇਵਰ ਸੰਚਾਲਨ ਨੂੰ ਯਕੀਨੀ ਬਣਾਉਣ ਲਈ, ਐਕਸਪਰਟ ਕੁਇਜ਼ ਮਾਸਟਰ ਨੂੰ ਨਿਯੁਕਤ ਕੀਤਾ ਗਿਆ ਸੀ।



# ਇੱਕ ਬੂਟਾ ਮਾਂ ਦੇ ਨਾਮ' ਮੁਹਿੰਮ ਦੇ ਤਹਿਤ ਜਤਿੰਦਰਾ ਗ੍ਰੀਨ ਫੀਲਡ ਸਕੂਲ ਦੇ ਵਿਦਿਆਰਥੀਆਂ ਨੇ ਪਿੰਡਾਂ ਵਿੱਚ ਬੂਟੇ ਲਗਾਏ

ਰਾਏਕੋਟ, ( ਗੁਰਭਿੰਦਰ ਗੁਰੀ ) : ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਜਤਿੰਦਰਾ ਗ੍ਰੀਨ ਫੀਲਡ ਸਕੂਲ ਸੁਧਾਰ ਵੱਲੋਂ ਸ਼ੁਰੂ ਕੀਤੀ ਮੁਹਿੰਮ 'ਇੱਕ ਬੂਟਾ ਮਾਂ ਦੇ ਨਾਮ' ਦੇ ਤਹਿਤ ਅੱਜ ਵਿਦਿਆਰਥੀਆਂ ਵੱਲੋਂ ਪਿੰਡ ਰੱਤੋਵਾਲ ਅਤੇ ਟੂਸੇ ਵਿਖੇ 150 ਦੇ ਕਰੀਬ ਵੱਖ ਵੱਖ ਕਿਸਮਾਂ ਦੇ ਬੂਟੇ ਲਗਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਕੂਲ ਦੇ ਪ੍ਰਧਾਨ ਡਾ. ਐਚ ਐਸ ਧਾਲੀਵਾਲ ਅਤੇ ਮੈਨੇਜਿੰਗ ਡਾਇਰੈਕਟਰ ਡਾ. ਮਨਪ੍ਰੀਤ ਕੌਰ ਧਾਲੀਵਾਲ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਅੱਜ ਦੇ ਪ੍ਰਦੂਸ਼ਿਤ ਹੋ ਚੁੱਕੇ ਵਾਤਾਵਰਣ ਦੀ ਸ਼ੁੱਧਤਾ ਲਈ ਅਤੇ ਵਿਦਿਆਰਥੀਆਂ ਨੂੰ ਬੂਟੇ ਲਗਾਉਣ ਲਈ ਪ੍ਰੇਰਿਤ ਕਰਨ ਲਈ ਉਨ੍ਹਾਂ ਦੇ ਸਕੂਲ ਵੱਲੋਂ 'ਇੱਕ ਬੂਟਾ ਮਾਂ ਦੇ ਨਾਮ'ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸ ਦੇ ਤਹਿਤ ਸਕੂਲ ਵਿਦਿਆਰਥੀਆਂ ਵੱਲੋਂ ਵੱਖ ਵੱਖ ਪਿੰਡਾਂ ਵਿੱਚ ਬੂਟੇ ਲਗਾਏ ਜਾਣਗੇ। ਉਨ੍ਹਾਂ ਦੱਸਿਆ ਕਿ ਬੂਟੇ ਲਗਾਉਣ ਦੀ ਮੁਹਿੰਮ ਅੱਜ ਪਿੰਡ ਰੱਤੋਵਾਲ ਅਤੇ ਟੂਸੇ ਤੋਂ ਕੀਤੀ ਗਈ ਹੈ। ਡਾ. ਐਚ.ਐਸ. ਧਾਲੀਵਾਲ ਅਤੇ ਡਾ. ਮਨਪ੍ਰੀਤ ਕੌਰ ਧਾਲੀਵਾਲ ਨੇ ਹਲਕਾ ਵਿਧਾਇਕ ਹਾਕਮ ਸਿੰਘ ਠੇਕੇਦਾਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਸਹਿਯੋਗ ਨਾਲ ਉਨ੍ਹਾਂ ਨੂੰ 1500 ਬੂਟੇ ਮਿਲੇ ਸਨ, ਜਿਸ ਵਿੱਚੋਂ ਉਨ੍ਹਾਂ ਦੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪਿੰਡ ਰੱਤੋਵਾਲ ਅਤੇ ਟੂਸੇ ਵਿਖੇ ਲਗਾਏ ਗਏ ਹਨ ਅਤੇ ਕੁੱਝ ਪਿੰਡ ਵਾਸੀਆਂ ਨੂੰ ਵੰਡੇ ਗਏ ਹਨ।



# ਸ਼ਹਿਰ ਵਿੱਚ ਕੂੜੇ ਦੀ ਸਮੱਸਿਆ ਦੇ ਹੱਲ ਲਈ ਵਿਧਾਇਕਾ ਮਾਣੂੰਕੇ ਨੇ ਖੁਦ ਸੰਭਾਲਿਆ ਮੋਰਚਾ

## ਅਧਿਕਾਰੀਆਂ ਨੂੰ ਮੀਟਿੰਗ ਕਰਕੇ ਕੀਤੀਆਂ ਸਖ਼ਤ ਹਦਾਇਤਾਂ, ਲਾ-ਪ੍ਰਵਾਹ ਅਫ਼ਸਰਾਂ ਵਿਰੁੱਧ ਹੋਵੇਗੀ ਕਾਰਵਾਈ

ਪਿਛਲੇ ਲੰਮੇ ਸਮੇਂ ਤੋਂ ਚੱਲੀ ਆ ਰਹੀ ਜਗਰਾਉਂ ਸ਼ਹਿਰ ਵਿੱਚ ਕੂੜੇ ਦੀ ਸਮੱਸਿਆ ਦੇ ਹੱਲ ਲਈ ਹਲਕਾ ਜਗਰਾਉਂ ਦੇ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਵਿਧਾਨ ਸਭਾ ਸ਼ੈਸ਼ਨ ਦੇ ਰੁਝੇਵਿਆਂ ਤੋਂ ਵਿਹਲੇ ਹੋ ਕੇ ਖੁਦ ਮੋਰਚਾ ਸੰਭਾਲਦਿਆਂ ਜਗਰਾਉਂ ਸ਼ਹਿਰ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੀਟਿੰਗ ਵਿੱਚ ਵਧੀਕ ਡਿਪਟੀ ਕਮਿਸ਼ਨਰ ਜਗਰਾਉਂ ਕੁਲਪ੍ਰੀਤ ਸਿੰਘ ਵਿਸ਼ੇਸ਼ ਤੌਰਤੇ ਹਾਜ਼ਰ ਰਹੇ। ਵਿਧਾਇਕਾ ਮਾਣੂੰਕੇ ਨੇ ਮੀਟਿੰਗ ਵਿੱਚ ਨਗਰ ਕੌਂਸਲ ਜਗਰਾਉਂ ਦੇ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਕੀਤੀਆਂ ਕਿ ਤੁਰੰਤ ਸ਼ਹਿਰ ਦੇ ਕੂੜੇ ਦੀ ਸਮੱਸਿਆ ਦਾ ਹੱਲ ਕੱਢਿਆ ਜਾਵੇ। ਇਸ ਮੌਕੇ ਵਿਧਾਇਕਾ ਮਾਣੂੰਕੇ ਨੇ ਆਖਿਆ ਕਿ ਨਗਰ



ਕੌਂਸਲ ਜਗਰਾਉਂ ਸ਼ਹਿਰ ਵਿੱਚ ਲੱਗੇ ਕੂੜੇ ਦੇ ਢੇਰ ਅਤੇ ਸਫ਼ਾਈ ਕਰਨ ਵਿੱਚ ਪੂਰੀ ਤਰ੍ਹਾਂ ਨਕਾਮ ਰਹੀ ਹੈ ਅਤੇ ਜਿਹੜੇ ਵੀ ਅਧਿਕਾਰੀ ਇਸ ਮਾਮਲੇ ਵਿੱਚ ਜ਼ਿੰਮੇਵਾਰ ਹੋਣਗੇ, ਉਹਨਾਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਉਹਨਾਂ ਆਖਿਆ ਕਿ ਸ਼ਹਿਰ ਦੇ ਕੌਂਸਲਰਾਂ ਅਤੇ ਨਗਰ ਕੌਂਸਲ ਦੇ ਪ੍ਰਧਾਨ ਵਿਚਕਾਰ ਭਾਵੇਂ ਕੋਈ ਵੀ ਸਿਆਸੀ ਖਿੱਚੋਤਾਣ ਹੋਵੇ, ਪ੍ਰੰਤੂ ਉਹ ਸ਼ਹਿਰ ਵਾਸੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਉਣ ਦੇਣਗੇ ਅਤੇ ਨਾ ਹੀ ਕੂੜੇ ਦੇ ਮਸਲੇ 'ਤੇ ਕਿਸੇ ਨੂੰ ਸਿਆਸਤ ਕਰਨ ਦੇਣਗੇ। ਉਹਨਾਂ ਆਖਿਆ ਕਿ ਉਹਨਾਂ ਵੱਲੋਂ ਖੁਦ ਯਤਨ ਕਰਕੇ ਜਗਰਾਉਂ ਸ਼ਹਿਰ ਦੀ ਸਫਾਈ ਅਤੇ ਕੂੜੇ ਦੀ ਸਾਂਭ-ਸੰਭਾਲ ਲਈ ਨਗਰ ਕੌਂਸਲ ਜਗਰਾਉਂ ਨੂੰ ਟਰੈਕਟਰ, ਲੋਡਰ, ਏਸ ਗੱਡੀਆਂ, ਟਰਾਈ-ਸਾਈਕਲ ਆਦਿ ਪੰਜਾਬ ਸਰਕਾਰ ਪਾਸੋਂ ਮੰਨਜੂਰ ਕਰਵਾਕੇ ਲਿਆਕੇ ਦਿੱਤੇ ਹਨ।

ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵਿੱਚ ਛਾਪੀਆਂ ਜਾਂਦੀਆ ਖਬਰਾਂ , ਰਿਪੋਰਟਾਂ , ਲੇਕ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ । ਇਸ ਅਖਬਾਰ ਵਿੱਚ ਛਪੇ ਇਸ਼ਤਿਹਾਰ ( ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਅਖਬਾਰ ਇੰਨਾ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁਭ ਚਿੰਤਕਾ ਨੂੰ ਬੇਨਤੀ ਹੈ ਕਿ ਉਹ ਇੰਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਇੰਨ੍ਹਾਂ ਤੱਥਾਂ ਦੀ ਪੜਤਾਲ , ਪੁਸ਼ਟੀ ਕਰ ਲੈਣ।ਰੋਜ਼ਾਨਾ ਲੋਕ ਬਾਣੀ 'ਚ ਪ੍ਰਕਾਸ਼ਿਤ ਸੱਮਗਰੀ ਅਤੇ ਹੋਰ ਵਾਦ-ਵਿਵਾਦ ਸਬੰਧੀ ਕੇਸਾਂ ਦਾ ਨਿਪਟਾਰਾ ਸਿਰਫ ਜਲੰਧਰ ਕੋਰਟ ਵਿਚ ਹੀ ਹੋਵੇਗਾ, ਲੇਖਕਾਂ ਦੀ ਰਾਏ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ । ਖਬਰਾਂ ਪ੍ਰਤੀ ਜ਼ਿੰਮੇਵਾਰੀ ਪੱਤਰਕਾਰ ਦੀ ਹੋਵੇਗੀ।

*Daily Lok Bani(Punjabi) R.N.I. Punpun/29016/2008 Editor, owner, Printer , Publisher, Amandeep Mehra , Printed at Rachna Printers , Railway Road Jalandhar Place of, Publication :308 Sangam Complex milap Chowk , Jalandhar (India), Contact No.: 0181-2211009, Fax : 2211009, Email id : lokbani08@gmail.com, Editormehra@gmail.com*

# ਐਪਸਟੀਨ ਮਾਮਲੇ 'ਤੇ ਅਮਰੀਕੀ ਰਾਸ਼ਟਰਪਤੀ ਟਰੰਪ ਆਪਣੇ ਹੀ ਸਮਰਥਕਾਂ ਨਾਲ ਘਿਰੇ-ਗਾਹਕਾਂ ਦੀ ਸੂਚੀ ਵਿੱਚ ਉਨ੍ਹਾਂ ਦਾ ਨਾਮ ਸ਼ਾਮਲ ਹੋਣ ਦਾ ਸ਼ੱਕ - ਚੋਣ ਵਾਅਦੇ ਪੂਰੇ ਨਾ ਕਰਨ 'ਤੇ ਸਮਰਥਕ ਨਾਰਾਜ਼

## ਐਲੋਨ ਮਸਕ ਦਾ ਦੋਸ਼ ਹੈ ਕਿ ਟਰੰਪ ਵੀ ਐਪਸਟੀਨ ਦੇ ਗਾਹਕਾਂ ਦੀ ਸੂਚੀ ਵਿੱਚ ਸ਼ਾਮਲ ਹਨ, ਇਸੇ ਲਈ ਐਫਬੀਆਈ ਡੀਓਜੇ ਨੇ ਕੇਸ ਬੰਦ ਕਰ ਦਿੱਤਾ

ਗੋਂਡੀਆ ਵਿਸ਼ਵ ਪੱਧਰ 'ਤੇ, ਦੁਨੀਆ ਦੇ ਸਾਰੇ ਲੋਕਤੰਤਰੀ ਦੇਸ਼ਾਂ ਵਿੱਚ, ਜਨਤਾ ਆਪਣੇ ਅਤੇ ਦੇਸ਼ ਦੀ ਤਰੱਕੀ, ਵਿਕਾਸ, ਸੁਸ਼ਾਸਨ, ਕਾਨੂੰਨ ਵਿਵਸਥਾ, ਪਾਰਦਰਸ਼ਤਾ ਅਤੇ ਚੋਣਾਂ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਦੀ ਉਮੀਦ ਕਰਦੇ ਹੋਏ ਕਾਰਪੋਰੇਟਰ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਇੱਕ ਯੋਗ ਉਮੀਦਵਾਰ ਨੂੰ ਵੋਟ ਦਿੰਦੀ ਹੈ, ਫਿਰ ਇਹ ਉਸ ਚੁਣੀ ਹੋਈ ਸ਼ਖਸੀਅਤ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਉਨ੍ਹਾਂ ਉਮੀਦਾਂ ਅਤੇ ਵਾਅਦਿਆਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਪੂਰਾ ਕਰੇ ਅਤੇ ਜਨਤਾ ਦੀਆਂ ਉਮੀਦਾਂ 'ਤੇ ਖਰਾ ਉਤਰੇ, ਪਰ ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ ਦਾ ਮੰਨਣਾ ਹੈ ਕਿ ਭਾਰਤ ਸਮੇਤ ਦੁਨੀਆ ਵਿੱਚ ਬਹੁਤ ਘੱਟ ਨੇਤਾ ਹਨ ਜੋ ਪੂਰੀ ਤਰ੍ਹਾਂ ਵਚਨਬੱਧ ਹਨ। ਅੱਜ ਅਸੀਂ ਇਸ ਵਿਸ਼ੇ 'ਤੇ ਚਰਚਾ ਕਰ ਰਹੇ ਹਾਂ ਕਿਉਂਕਿ ਪਿਛਲੇ ਦੋ ਦਿਨਾਂ ਤੋਂ, ਅਮਰੀਕੀ ਰਾਸ਼ਟਰਪਤੀ ਟਰੰਪ ਨੇ ਐਪਸਟਾਈਨ ਮਾਮਲੇ ਵਿੱਚ ਪੂਰੀ ਰਿਪੋਰਟ ਅਤੇ ਦਸਤਾਵੇਜ਼ ਜਨਤਕ ਕਰਨ ਦੇ ਆਪਣੇ ਚੋਣ ਵਾਅਦੇ ਨੂੰ ਪੂਰਾ ਨਹੀਂ ਕੀਤਾ ਹੈ ਅਤੇ ਜਦੋਂ ਨਿਆਂ ਵਿਭਾਗ ਅਤੇ ਐਫਬੀਆਈ ਨੇ ਸਾਂਝੇ ਤੌਰ 'ਤੇ ਇੱਕ ਬਿਆਨ ਜਾਰੀ ਕਰਕੇ ਕਿਹਾ ਕਿ ਕੇਸ ਰਸਮੀ ਤੌਰ 'ਤੇ ਬੰਦ ਹੋ ਗਿਆ ਹੈ, ਤਾਂ ਮੇਕ ਅਮਰੀਕਾ ਗ੍ਰੇਟ ਅਗੇਨ ਸਮੇਤ ਟਰੰਪ ਦੇ ਬਹੁਤ ਸਾਰੇ ਸਮਰਥਕ ਗੁੱਸੇ ਵਿੱਚ ਆ ਗਏ ਅਤੇ ਇੱਕ ਅੰਦੋਲਨ ਸ਼ੁਰੂ ਹੋ ਗਿਆ ਹੈ। ਇੱਕ ਪਾਸੇ, ਰੂਸ ਅਤੇ ਯੂਕਰੇਨ ਨੂੰ ਤੁਰੰਤ ਰੋਕਣ ਦਾ ਵਾਅਦਾ ਅਜੇ ਪੂਰਾ ਨਹੀਂ ਹੋ ਰਿਹਾ ਹੈ, ਦੂਜੇ ਪਾਸੇ, ਐਪਸਟਾਈਨ ਮਾਮਲੇ ਦੀ ਰਿਪੋਰਟ ਜਾਰੀ ਨਾ ਕਰਕੇ ਉਨ੍ਹਾਂ ਨੂੰ ਬੰਦ ਕਰਨ ਦਾ ਆਦੇਸ਼ ਜਾਰੀ ਕੀਤਾ ਗਿਆ ਹੈ, ਟਰੰਪ ਇਨ੍ਹਾਂ ਦੋਵਾਂ ਮਾਮਲਿਆਂ ਵਿੱਚ ਅਸਫਲ ਹੁੰਦੇ ਜਾ ਰਹੇ ਹਨ। ਕਿਉਂਕਿ ਐਲੋਨ ਮਸਕ ਨੇ ਦੋਸ਼ ਲਗਾਇਆ ਹੈ ਕਿ ਟਰੰਪ ਵੀ ਐਪਸਟਾਈਨ ਦੇ ਮੁਵੱਕਿਲ ਸੂਚੀ ਵਿੱਚ ਸ਼ਾਮਲ ਹਨ, ਇਸ ਲਈ ਕੇਸ ਬੰਦ ਕਰ ਦਿੱਤਾ ਗਿਆ ਹੈ, ਇਸ ਲਈ ਅੱਜ ਅਸੀਂ ਇਸ ਲੇਖ ਰਾਹੀਂ ਮੀਡੀਆ ਵਿੱਚ ਉਪਲਬਧ ਜਾਣਕਾਰੀ ਦੀ ਮਦਦ ਨਾਲ ਚਰਚਾ ਕਰਾਂਗੇ, ਅਮਰੀਕੀ ਰਾਸ਼ਟਰਪਤੀ ਟਰੰਪ ਐਪਸਟਾਈਨ ਮਾਮਲੇ 'ਤੇ ਆਪਣੇ ਹੀ ਸਮਰਥਕਾਂ ਨਾਲ ਘਿਰੇ - ਗਾਹਕ ਸੂਚੀ ਵਿੱਚ ਨਾਮ ਸ਼ਾਮਲ ਹੋਣ ਦਾ ਸ਼ੱਕ - ਚੋਣ ਵਾਅਦੇ ਨੂੰ ਪੂਰਾ ਨਾ ਕਰਨ 'ਤੇ ਨਾਰਾਜ਼ ਸਮਰਥਕ

ਦੋਸਤੋ, ਜੇਕਰ ਅਸੀਂ ਐਪਸਟਾਈਨ ਮਾਮਲੇ ਨੂੰ ਸਮਝਣ ਦੀ ਗੱਲ ਕਰੀਏ, ਤਾਂ ਇਹ ਧਿਆਨ ਦੇਣ ਯੋਗ ਹੈ ਕਿ ਜੈਫਰੀ ਐਪਸਟਾਈਨ ਅਮਰੀਕਾ ਦਾ ਇੱਕ ਬਦਨਾਮ ਸੈਕਸ ਤਸਕਰ ਅਤੇ ਅਰਬਪਤੀ ਫਾਈਨੈਂਸਰ ਸੀ, ਜਿਸ 'ਤੇ ਨਾਬਾਲਗ ਕੁੜੀਆਂ ਦਾ ਜਿਨਸੀ ਸ਼ੋਸ਼ਣ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਐਪਸਟਾਈਨ ਨੇ ਸਾਲ 2019 ਵਿੱਚ ਜੇਲ੍ਹ ਵਿੱਚ ਖੁਦਕੁਸ਼ੀ ਕਰ ਲਈ ਸੀ। ਹਾਲਾਂਕਿ, ਉਸਦੀ ਮੌਤ ਤੋਂ ਬਾਅਦ ਵੀ, ਉਸ ਨਾਲ ਜੁੜੀਆਂ ਕਈ ਕਹਾਣੀਆਂ ਜਾਰੀ ਹਨ। ਹਾਲ ਹੀ ਵਿੱਚ, ਟਰੰਪ ਪ੍ਰਸ਼ਾਸਨ ਨੇ ਨਿਆਂ ਵਿਭਾਗ ਅਤੇ ਐਫਬੀਆਈ ਨੂੰ ਐਪਸਟਾਈਨ ਨਾਲ ਸਬੰਧਤ ਦਸਤਾਵੇਜ਼ ਜਨਤਕ ਕਰਨ ਤੋਂ ਰੋਕ ਦਿੱਤਾ ਹੈ। ਇਸ ਤੋਂ ਬਾਅਦ, ਹੰਗਾਮਾ ਸ਼ੁਰੂ ਹੋ ਗਿਆ ਹੈ। ਦਰਅਸਲ, ਬਹੁਤ ਸਾਰੇ ਲੋਕਾਂ ਨੇ ਦੋਸ਼ ਲਗਾਇਆ ਹੈ ਕਿ ਰਾਸ਼ਟਰਪਤੀ ਟਰੰਪ ਦਾ ਨਾਮ ਐਪਸਟਾਈਨ ਨਾਲ ਸਬੰਧਤ ਦਸਤਾਵੇਜ਼ਾਂ ਵਿੱਚ ਵੀ ਜ਼ਿਕਰ ਕੀਤਾ ਗਿਆ ਹੈ। ਐਲੋਨ ਮਸਕ, ਜੋ ਕਦੇ ਟਰੰਪ ਦੇ ਸਮਰਥਕ ਸਨ ਅਤੇ ਹੁਣ ਇੱਕ ਆਲੋਚਕ ਹਨ, ਨੇ ਵੀ ਇਸੇ ਤਰ੍ਹਾਂ ਦੇ ਦੋਸ਼ ਲਗਾਏ ਹਨ। ਕਈ ਰਿਪਬਲਿਕਨ ਸੰਸਦ ਮੈਂਬਰ ਨਿਆਂ ਵਿਭਾਗ 'ਤੇ ਵੀ ਦਸਤਾਵੇਜ਼ਾਂ ਨੂੰ ਜਨਤਕ ਕਰਨ ਲਈ ਦਬਾਅ ਪਾ ਰਹੇ ਹਨ। ਇਹੀ ਕਾਰਨ ਹੈ



ਕਿ ਐਪਸਟਾਈਨ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਜਨਤਕ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਐਪਸਟਾਈਨ ਕੇਸ - ਨਾਬਾਲਗ ਕੁੜੀਆਂ ਦੇ ਸ਼ੋਸ਼ਣ ਦੇ ਦੋਸ਼ (1) ਜੈਫਰੀ ਐਪਸਟਾਈਨ ਨੂੰ ਪਹਿਲੀ ਵਾਰ 2006 ਵਿੱਚ ਫਲੋਰੀਡਾ ਦੇ ਪਾਮ ਬੀਚ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਐਪਸਟਾਈਨ ਨੂੰ ਵੇਸਵਾਗਮਨੀ ਅਤੇ ਨਾਬਾਲਗਾਂ ਨੂੰ ਭਰਮਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ। (2) ਹਾਲਾਂਕਿ, ਕੁਝ ਸੌਦੇਬਾਜ਼ੀ ਤੋਂ ਬਾਅਦ, ਉਸਨੂੰ ਸਿਰਫ਼ 13 ਮਹੀਨਿਆਂ ਦੀ ਹਿਰਾਸਤ ਮਿਲੀ, ਜਿਸ ਵਿੱਚ ਕੰਮ ਦੀ ਰਿਹਾਈ ਦੀ ਇਜਾਜ਼ਤ ਦਿੱਤੀ ਗਈ (3) ਵਰਜੀਨੀਆ ਗਿਫਰੇ ਨਾਮ ਦੀ ਇੱਕ ਔਰਤ ਨੇ 2009 ਵਿੱਚ ਦੋਸ਼ ਲਗਾਇਆ ਸੀ ਕਿ ਐਪਸਟਾਈਨ ਨੇ ਉਸਨੂੰ ਨਾਬਾਲਗ ਹੋਣ 'ਤੇ ਸੈਕਸ ਤਸਕਰੀ ਲਈ ਮਜਬੂਰ ਕੀਤਾ ਸੀ। 2011 ਵਿੱਚ, ਗਿਫਰੇ ਨੇ ਇਸ ਮਾਮਲੇ ਵਿੱਚ ਬ੍ਰਿਟੇਨ ਦੇ ਪ੍ਰਿੰਸ ਐਂਡਰਿਊ ਦਾ ਵੀ ਨਾਮ ਲਿਆ (4) 2015 ਵਿੱਚ, ਗ੍ਰਿਫਰੇ ਨੇ ਐਪਸਟਾਈਨ ਦੇ ਖਿਲਾਫ ਮੁਕੱਦਮਾ ਦਾਇਰ ਕੀਤਾ। ਇਸ ਵਿੱਚ ਪ੍ਰਿੰਸ ਐਂਡਰਿਊ ਅਤੇ ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ ਨਾਲ ਐਪਸਟਾਈਨ ਦੇ ਸਬੰਧਾਂ ਦਾ ਜ਼ਿਕਰ ਕੀਤਾ ਗਿਆ ਸੀ। (5) ਐਪਸਟਾਈਨ ਨੂੰ 2019 ਵਿੱਚ ਨਾਬਾਲਗਾਂ ਦੀ ਜਿਨਸੀ ਤਸਕਰੀ ਦੇ ਸਬੰਧ ਵਿੱਚ ਦੁਬਾਰਾ ਗ੍ਰਿਫ਼ਤਾਰ ਕੀਤਾ ਗਿਆ ਸੀ। ਗਿਫਰੇ ਨੇ ਅਦਾਲਤ ਵਿੱਚ ਐਪਸਟਾਈਨ ਦੇ ਖਿਲਾਫ ਗਵਾਹੀ ਦਿੱਤੀ। (6) ਐਪਸਟਾਈਨ ਨੂੰ ਵੇਸਵਾਗਮਨੀ ਨੈੱਟਵਰਕ ਚਲਾਉਣ ਅਤੇ ਵੱਡੀ ਗਿਣਤੀ ਵਿੱਚ ਔਰਤਾਂ ਦਾ ਜਿਨਸੀ ਸ਼ੋਸ਼ਣ ਕਰਨ ਅਤੇ ਮਨੁੱਖੀ ਤਸਕਰੀ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਐਪਸਟਾਈਨ ਦੀ ਸੂਚੀ ਵਿੱਚ ਬਿਲ ਕਲਿੰਟਨ, ਮਾਈਕਲ ਜੈਕਸਨ ਦਾ ਨਾਮ ਕੀ ਹੈ ? (1) ਜਨਵਰੀ 2024 ਵਿੱਚ, ਇੱਕ ਅਮਰੀਕੀ ਅਦਾਲਤ ਨੇ ਜੈਫਰੀ ਐਪਸਟਾਈਨ ਨਾਲ ਸਬੰਧਤ ਦਸਤਾਵੇਜ਼ ਜਨਤਕ ਕੀਤੇ। ਇਸ ਵਿੱਚ ਸਾਬਕਾ ਅਮਰੀਕੀ ਰਾਸ਼ਟਰਪਤੀ ਬਿਲ ਕਲਿੰਟਨ, ਮਾਈਕਲ ਜੈਕਸਨ ਅਤੇ ਬ੍ਰਿਟੇਨ ਦੇ ਪ੍ਰਿੰਸ ਐਂਡਰਿਊ ਵਰਗੇ ਉੱਚ-ਪ੍ਰੋਫਾਈਲ ਲੋਕਾਂ ਦੇ ਨਾਮ ਸਨ। (2) ਇਸ ਵਿੱਚ ਐਪਸਟਾਈਨ ਦੀ ਬਿਲ ਕਲਿੰਟਨ ਅਤੇ ਪ੍ਰਿੰਸ ਐਂਡਰਿਊ ਨਾਲ ਪੁਰਾਣੀ ਦੋਸਤੀ ਦਾ ਵੀ ਜ਼ਿਕਰ ਕੀਤਾ ਗਿਆ ਸੀ। ਐਪਸਟਾਈਨ ਦੇ ਅਨੁਸਾਰ, ਕਲਿੰਟਨ ਨੂੰ ਨਾਬਾਲਗ ਕੁੜੀਆਂ ਪਸੰਦ ਸਨ। ਹਾਲਾਂਕਿ, ਕਲਿੰਟਨ ਵਿਰੁੱਧ ਕੋਈ ਦੋਸ਼ ਸਾਬਤ ਨਹੀਂ ਹੋ ਸਕਿਆ।

ਦੋਸਤੋ, ਜੇਕਰ ਅਸੀਂ ਐਪਸਟੀਨ ਮਾਮਲੇ 'ਤੇ ਟਰੰਪ 'ਤੇ ਵਧਦੇ ਦਬਾਅ ਦੀ ਗੱਲ ਕਰੀਏ, ਤਾਂ ਉਨ੍ਹਾਂ ਨੇ ਚੋਣ ਰੈਲੀਆਂ ਵਿੱਚ ਵਾਅਦਾ ਕੀਤਾ ਸੀ ਕਿ ਉਹ ਇਸ ਰਿਪੋਰਟ ਨੂੰ ਜਨਤਕ ਕਰਨਗੇ, ਪਰ ਹੁਣ ਐਫਬੀਆਈ ਅਤੇ ਡੀਓਜੇ ਨੇ ਕੇਸ ਬੰਦ ਕਰਨ ਦਾ ਐਲਾਨ ਕਰਨ 'ਤੇ ਹੰਗਾਮਾ ਖੜ੍ਹਾ ਹੋ ਗਿਆ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਰਾਜਨੀਤਿਕ ਵਿਰੋਧੀ ਇਸ ਮੁੱਦੇ ਦੀ ਵਰਤੋਂ ਉਨ੍ਹਾਂ 'ਤੇ ਹਮਲਾ ਕਰਨ ਲਈ ਕਰ ਰਹੇ ਹਨ। ਇਸ ਤੋਂ ਬਾਅਦ ਟਰੰਪ ਨੇ ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਇੱਕ ਪੋਸਟ ਵਿੱਚ ਲਿਖਿਆ ਕਿ



'ਡੈਮੋਕ੍ਰੇਟਿਕ ਪਾਰਟੀ ਦਾ ਨਵਾਂ ਸਕੈਂਡਲ ਉਹੀ ਹੈ, ਜਿਸਨੂੰ ਅਸੀਂ ਹਮੇਸ਼ਾ ਜੈਫਰੀ ਐਪਸਟੀਨ ਧੋਖਾ ਕਹਾਂਗੇ ਅਤੇ ਮੇਰੇ ਪੁਰਾਣੇ ਸਮਰਥਕ ਵੀ ਇਸ ਬਕਵਾਸ ਵਿੱਚ ਪੂਰੀ ਤਰ੍ਹਾਂ ਫਸ ਗਏ ਹਨ। ਉਨ੍ਹਾਂ ਨੇ ਆਪਣਾ ਸਬਕ ਨਹੀਂ ਸਿੱਖਿਆ ਹੈ ਅਤੇ ਸ਼ਾਇਦ ਕਦੇ ਨਹੀਂ ਸਿੱਖਣਗੇ। ਟਰੰਪ ਪ੍ਰਸ਼ਾਸਨ 'ਤੇ ਜੈਫਰੀ ਐਪਸਟੀਨ ਮਾਮਲੇ ਦੀਆਂ ਫਾਈਲਾਂ ਦਾ ਖੁਲਾਸਾ ਕਰਨ ਦਾ ਦਬਾਅ ਵਧਦਾ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਟਰੰਪ ਇਸ ਬਾਰੇ ਗੁੱਸੇ ਵਿੱਚ ਆ ਗਏ ਹਨ ਅਤੇ ਇਸ ਵਾਰ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਝਿੜਕਿਆ ਹੈ। ਟਰੰਪ ਨੇ ਕਿਹਾ ਕਿ ਉਨ੍ਹਾਂ ਦੇ ਸਾਬਕਾ ਸਮਰਥਕ ਜੋ ਡੈਮੋਕ੍ਰੇਟਿਕ ਪਾਰਟੀ ਦੀ ਬਕਵਾਸ ਵਿੱਚ ਫਸਣ ਤੋਂ ਬਾਅਦ ਐਪਸਟੀਨ ਨਾਲ ਸਬੰਧਤ ਦਸਤਾਵੇਜ਼ਾਂ ਨੂੰ ਜਨਤਕ ਕਰਨ ਦੀ ਮੰਗ ਕਰ ਰਹੇ ਹਨ, ਕਮਜ਼ੋਰ ਹਨ ਅਤੇ ਹੁਣ ਉਨ੍ਹਾਂ ਨੂੰ ਇਨ੍ਹਾਂ ਕਮਜ਼ੋਰ ਸਮਰਥਕਾਂ ਦੇ ਸਮਰਥਨ ਦੀ ਲੋੜ ਨਹੀਂ ਹੈ। ਐਪਸਟੀਨ ਮਾਮਲੇ 'ਤੇ ਟਰੰਪ ਦੇ ਬਿਆਨ ਤੋਂ ਸਾਫ਼ ਪਤਾ ਲੱਗਦਾ ਹੈ ਕਿ ਰਿਪਬਲਿਕਨ ਪਾਰਟੀ ਵਿੱਚ ਦਰਾਰਾਂ ਉੱਭਰ ਰਹੀਆਂ ਹਨ। ਬਹੁਤ ਸਾਰੇ ਲੋਕ ਦੋਸ਼ ਲਗਾਉਂਦੇ ਹਨ ਕਿ ਐਪਸਟੀਨ ਨਾਲ ਸਬੰਧਤ ਦਸਤਾਵੇਜ਼ਾਂ ਵਿੱਚ ਰਾਸ਼ਟਰਪਤੀ ਟਰੰਪ ਦਾ ਨਾਮ ਵੀ ਸ਼ਾਮਲ ਹੈ। ਕਈ ਰਿਪਬਲਿਕਨ ਕਾਨੂੰਨਸਾਜ਼ ਨਿਆਂ ਵਿਭਾਗ 'ਤੇ ਦਸਤਾਵੇਜ਼ਾਂ ਨੂੰ ਜਨਤਕ ਕਰਨ ਲਈ ਦਬਾਅ ਵੀ ਪਾ ਰਹੇ ਹਨ। ਟਰੰਪ ਨੇ ਸ਼ਨੀਵਾਰ (12 ਜੁਲਾਈ, 2025) ਨੂੰ ਦਾਅਵਾ ਕੀਤਾ ਕਿ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ, ਜੋਅ ਬਿਡੇਨ ਅਤੇ ਹਿਲੇਰੀ ਕਲਿੰਟਨ ਨੇ ਮਿਲ ਕੇ ਐਪਸਟੀਨ ਫਾਈਲਾਂ ਤਿਆਰ ਕੀਤੀਆਂ ਸਨ ? ਤਾਂ ਜੋ 2026 ਦੀਆਂ ਮੱਧਕਾਲੀ ਚੋਣਾਂ ਵਿੱਚ ਰਿਪਬਲਿਕਨ ਪਾਰਟੀ ਨੂੰ ਨੁਕਸਾਨ ਪਹੁੰਚਾਇਆ ਜਾ ਸਕੇ। ਦਰਅਸਲ, ਮਸ਼ਹੂਰ ਜੈਫਰੀ ਐਪਸਟੀਨ ਮਾਮਲੇ ਨੂੰ ਲੈ ਕੇ ਅਮਰੀਕਾ ਵਿੱਚ ਇੱਕ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ, ਨਿਆਂ ਵਿਭਾਗ ) ਅਤੇ 629 ਨੇ ਹਾਲ ਹੀ ਵਿੱਚ ਇਸ ਮਾਮਲੇ ਦੀ ਜਾਂਚ ਨੂੰ ਰਸਮੀ ਤੌਰ 'ਤੇ ਬੰਦ ਕਰਨ ਦਾ ਐਲਾਨ ਕਰਦੇ ਹੋਏ ਇੱਕ ਸਾਂਝਾ ਮੈਮੋ ਜਾਰੀ ਕੀਤਾ ਹੈ, ਇਸ ਫੈਸਲੇ ਨੇ ਨਾ ਸਿਰਫ਼ ਰਾਜਨੀਤਿਕ ਬਹਿਸ ਨੂੰ ਜਨਮ ਦਿੱਤਾ ਹੈ, ਸਗੋਂ ਟਰੰਪ ਨੂੰ ਹਮਲਾਵਰ ਵੀ ਬਣਾ ਦਿੱਤਾ ਹੈ।

ਦੋਸਤੋ, ਜੇਕਰ ਅਸੀਂ ਇਸ ਮਾਮਲੇ ਵਿੱਚ ਐਲੋਨ ਮਸਕ ਦੀ ਭੂਮਿਕਾ ਬਾਰੇ ਗੱਲ ਕਰੀਏ, ਤਾਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਅਤੇ ਦੁਨੀਆ ਦੇ ਸਭ ਤੋਂ ਅਮੀਰ ਆਦਮੀ ਵਿਚਕਾਰ ਦੋਸਤੀ ਵਿੱਚ ਦਰਾਰ ਆ ਗਈ ਹੈ ਅਤੇ ਇਹ ਇੱਕ ਦੂਜੇ 'ਤੇ ਚਿੱਕੜ ਸੁੱਟਣ ਦੇ ਬਿੰਦੂ 'ਤੇ ਪਹੁੰਚ ਗਈ ਹੈ। ਰਾਸ਼ਟਰੀ ਕਰਜ਼ੇ ਨੂੰ ਲੈ ਕੇ ਮਤਭੇਦਾਂ ਨਾਲ ਸ਼ੁਰੂ ਹੋਇਆ ਇਹ ਵਿਵਾਦ ਆਪਣੇ ਸਿਖਰ 'ਤੇ ਪਹੁੰਚ ਗਿਆ ਹੈ, ਜਦੋਂ ਐਲਨ ਮਸਕ ਨੇ ਟਰੰਪ 'ਤੇ ਨਿੱਜੀ ਸ਼ਮੂਲੀਅਤ ਕਾਰਨ ਸੈਕਸ ਅਪਰਾਧੀ ਜੈਫਰੀ ਐਪਸਟਾਈਨ ਨਾਲ ਸਬੰਧਤ ਫਾਈਲਾਂ ਨੂੰ ਜਨਤਕ ਨਾ ਕਰਨ ਦਾ ਦੋਸ਼ ਲਗਾਇਆ। ਬਿਨਾਂ ਸਬੂਤਾਂ ਦੇ ਪੇਸ਼ ਕੀਤਾ ਗਿਆ ਇਹ ਦੋਸ਼ ਦੋਵਾਂ ਵਿਚਕਾਰ ਵਧਦੀ ਦਰਾਰ ਨੂੰ ਉਜਾਗਰ ਕਰਦਾ ਹੈ ਅਤੇ ਇਸ ਹਾਈ-ਪ੍ਰੋਫਾਈਲ ਸੈਕਸ ਤਸਕਰ ਨਾਲ ਸ਼੍ਰੀ ਟਰੰਪ ਦੇ ਸਬੰਧਾਂ ਦੀਆਂ ਪੁਰਾਣੀਆਂ ਖ਼ਬਰਾਂ ਦੀ ਯਾਦ ਦਿਵਾਉਂਦਾ ਹੈ। ਇਸ ਸਾਲ ਐਪਸਟਾਈਨ ਨਾਲ ਸਬੰਧਤ ਕੁਝ ਫਾਈਲਾਂ ਜਨਤਕ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਬਹੁਤ ਸਾਰੀਆਂ ਮਹੱਤਵਪੂਰਨ ਜਾਣਕਾਰੀਆਂ ਅਤੇ ਉਸਦੇ ਹਾਈ-ਪ੍ਰੋਫਾਈਲ ਸੰਪਰਕਾਂ ਦਾ ਜ਼ਿਕਰ ਸੀ, ਜੈਫਰੀ ਐਪਸਟਾਈਨ ਨੂੰ ਟਰੰਪ ਦੇ ਨੇੜੇ ਮੰਨਿਆ ਜਾਂਦਾ ਸੀ, ਟਰੰਪ ਦਾ ਨਾਮ ਇਨ੍ਹਾਂ ਫਾਈਲਾਂ ਵਿੱਚ ਨਹੀਂ ਮਿਲਿਆ, ਪਰ ਫਿਰ ਵੀ ਟਰੰਪ ਅਤੇ ਐਪਸਟਾਈਨ ਵਿਚਕਾਰ ਕਥਿਤ ਸਬੰਧਾਂ ਬਾਰੇ ਲੰਬੇ ਸਮੇਂ ਤੋਂ ਜਾਂਚ ਚੱਲ ਰਹੀ ਹੈ, ਮਸਕ ਨੇ 5 ਜੂਨ ਨੂੰ ਇੱਕ ਸਨਸਨੀਖੇਜ਼ ਦਾਅਵਾ ਕੀਤਾ ਸੀ, ਜਿਸ ਵਿੱਚ ਕਿਹਾ ਗਿਆ ਸੀ ਕਿ ਟਰੰਪ ਦਾ ਨਾਮ ਜੈਫਰੀ ਐਪਸਟਾਈਨ ਦੀਆਂ ਫਾਈਲਾਂ ਵਿੱਚ ਸ਼ਾਮਲ ਹੈ। ਮਸਕ ਨੇ ✓ 'ਤੇ ਲਿਖਿਆ - ਹੁਣ ਇੱਕ ਵੱਡਾ ਖੁਲਾਸਾ ਕਰਨ ਦਾ ਸਮਾਂ ਹੈ। ਟਰੰਪ ਦਾ ਨਾਮ ਐਪਸਟਾਈਨ ਫਾਈਲਾਂ ਵਿੱਚ ਹੈ। ਇਸ ਲਈ ਉਨ੍ਹਾਂ ਨੂੰ ਜਨਤਕ ਨਹੀਂ ਕੀਤਾ ਗਿਆ। ਡੋਨਾਲਡ ਟਰੰਪ, ਤੁਹਾਡਾ ਦਿਨ ਚੰਗਾ ਰਹੇ। ਇੱਕ ਹੋਰ ਪੋਸਟ ਵਿੱਚ ਉਸਨੇ ਕਿਹਾ - ਭਵਿੱਖ ਲਈ ਇਸ ਪੋਸਟ ਨੂੰ ਧਿਆਨ ਵਿੱਚ ਰੱਖੋ। ਸੱਚਾਈ ਸਾਹਮਣੇ ਆਵੇਗੀ। ਹਾਲਾਂਕਿ, ਮਸਕ ਨੇ ਬਾਅਦ ਵਿੱਚ ਉਸ ਪੋਸਟ ਨੂੰ ਮਿਟਾ ਦਿੱਤਾ ਅਤੇ ਮੰਨਿਆ ਕਿ ਉਹ ਬਹੁਤ ਦੂਰ ਚਲਾ ਗਿਆ ਸੀ। ਮਸਕ ਨੇ ਐਪਸਟਾਈਨ ਨਾਲ ਟਰੰਪ ਦੀ ਇੱਕ ਵੀਡੀਓ ਵੀ ਦੁਬਾਰਾ ਪੋਸਟ ਕੀਤੀ ਸੀ

ਇਸ ਲਈ, ਜੇਕਰ ਅਸੀਂ ਉਪਰੋਕਤ ਵੇਰਵਿਆਂ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਅਮਰੀਕੀ ਰਾਸ਼ਟਰਪਤੀ ਟਰੰਪ ਐਪਸਟਾਈਨ ਮਾਮਲੇ ਵਿੱਚ ਆਪਣੇ ਹੀ ਸਮਰਥਕਾਂ ਨਾਲ ਘਿਰੇ ਹੋਏ ਹਨ - ਉਨ੍ਹਾਂ ਦਾ ਨਾਮ ਕਲਾਇੰਟ ਸੂਚੀ ਵਿੱਚ ਸ਼ਾਮਲ ਹੋਣ ਦਾ ਸ਼ੱਕ - ਜਦੋਂ ਉਨ੍ਹਾਂ ਨੇ ਚੋਣ ਵਾਅਦਾ ਪੂਰਾ ਨਹੀਂ ਕੀਤਾ ਤਾਂ ਸਮਰਥਕ ਗੁੱਸੇ ਵਿੱਚ ਆ ਗਏ। ਐਲੋਨ ਮਸਕ ਦਾ ਦੋਸ਼ ਹੈ ਕਿ ਟਰੰਪ ਵੀ ਐਪਸਟਾਈਨ ਦੇ ਕਲਾਇੰਟ ਸੂਚੀ ਵਿੱਚ ਸ਼ਾਮਲ ਹਨ, ਇਸੇ ਕਰਕੇ ਐਫਬੀਆਈ ਡੀਓਜੇ ਨੇ ਕੇਸ ਬੰਦ ਕਰ ਦਿੱਤਾ। ਕਾਰਪੋਰੇਟ ਕੌਂਸਲਰ ਤੋਂ ਲੈ ਕੇ ਵਿਧਾਇਕ ਮੁੱਖ ਮੰਤਰੀ ਤੱਕ ਅਤੇ ਸੰਸਦ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਰਾਸ਼ਟਰਪਤੀ ਤੱਕ, ਚੋਣਾਂ ਵਿੱਚ ਕੀਤੇ ਗਏ ਵਾਅਦਿਆਂ ਨੂੰ ਪਾਰਦਰਸ਼ਤਾ ਨਾਲ ਪੂਰਾ ਕਰਨਾ ਅਤੇ ਮਜ਼ਬੂਤ ਅਗਵਾਈ ਪ੍ਰਦਾਨ ਕਰਨਾ ਸਮੇਂ ਦੀ ਲੋੜ ਹੈ।

**ਸਮੇਂ ਦੀ ਲੋੜ ਇਹ ਹੈ ਕਿ ਕਾਰਪੋਰੇਟ ਕੌਂਸਲਰ ਤੋਂ ਲੈ ਕੇ ਵਿਧਾਇਕ ਮੁੱਖ ਮੰਤਰੀ ਤੱਕ ਅਤੇ ਸੰਸਦ ਤੋਂ ਲੈ ਕੇ ਪ੍ਰਧਾਨ ਮੰਤਰੀ ਤੱਕ ਪਾਰਦਰਸ਼ਤਾ ਨਾਲ ਚੋਣਾਂ ਵਿੱਚ ਕੀਤੇ ਵਾਅਦਿਆਂ ਨੂੰ ਪੂਰਾ ਕਰਕੇ ਮਜ਼ਬੂਤ ਲੀਡਰਸ਼ਿਪ ਪ੍ਰਦਾਨ ਕੀਤੀ ਜਾਵੇ। ਰਾਸ਼ਟਰਪਤੀ - ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ ਗੋਂਡੀਆ ਮਹਾਰਾਸ਼ਟਰ**

**-ਲੇਖਕ ਦੁਆਰਾ ਸੰਕਲਿਤ - ਮਾਹਰ ਕਾਲਮਨਵੀਸ, ਸਾਹਿਤਕ ਹਸਤੀ, ਅੰਤਰਰਾਸ਼ਟਰੀ ਲੇਖਕ, ਚਿੰਤਕ, ਕਵੀ, ਸੰਗੀਤ ਮਾਧਿਅਮ, ਸੀਏ (ਏਟੀਸੀ)**
**ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਈ ਗੋਂਡੀਆ ਮਹਾਰਾਸ਼ਟਰ**
**9359653465**

# ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਲਈ ਆਨਲਾਈਨ ਰਜਿਸਟਰੇਸ਼ਨ ਦੀ ਆਖਰੀ ਮਿਤੀ 31 ਜੁਲਾਈ

ਜਲੰਧਰ, (ਲੋਕ ਬਾਣੀ): ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ (ਪੀ.ਐਮ.ਆਰ.ਬੀ.ਪੀ.) ਲਈ ਆਨਲਾਈਨ ਰਜਿਸਟਰੇਸ਼ਨ ਕਰਨ ਦੀ ਆਖਰੀ ਮਿਤੀ 31 ਜੁਲਾਈ 2025 ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਅਜੇ ਭਾਰਤੀ ਨੇ ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਾਰ ਹਰ ਸਾਲ 5 ਤੋਂ 18 ਸਾਲ ਉਮਰ ਦੇ ਉਨ੍ਹਾਂ ਬੱਚਿਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਨੇ ਦੂਜਿਆਂ ਲਈ ਬੇਮਿਸਾਲ ਬਹਾਦਰੀ ਦਾ ਕੰਮ ਕੀਤਾ ਹੋਵੇ, ਜਿਨ੍ਹਾਂ ਨੇ ਬੇਮਿਸਾਲ ਕਾਬਲੀਅਤ, ਸ਼ਾਨਦਾਰ ਪ੍ਰਾਪਤੀਆਂ ਨਾਲ ਸਮਾਜ 'ਤੇ ਵਿਆਪਕ ਅਤੇ ਪ੍ਰਤੱਖ ਪ੍ਰਭਾਵ ਪਾਇਆ ਹੋਵੇ। ਉਨ੍ਹਾਂ ਦੱਸਿਆ ਕਿ ਇਹ ਪੁਰਸਕਾਰ ਖੇਡਾਂ, ਸਮਾਜ ਸੇਵਾ, ਵਿਗਿਆਨ ਅਤੇ ਤਕਨਾਲੋਜੀ, ਵਾਤਾਵਰਣ, ਕਲਾ ਤੇ ਸੱਭਿਆਚਾਰ, ਨਵੀਨਤਾ ਦੇ ਖੇਤਰਾਂ ਵਿੱਚ ਦਿੱਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਕੋਈ ਵੀ ਬੱਚਾ, ਜੋ ਭਾਰਤ ਦਾ ਨਾਗਰਿਕ ਹੈ, ਪੁਰਸਕਾਰ ਲਈ ਬਿਨੈ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਮੰਗੀ ਗਈ ਯੋਗਤਾ ਵਾਲੇ ਬੱਚੇ ਪ੍ਰਧਾਨ ਮੰਤਰੀ ਰਾਸ਼ਟਰੀ ਬਾਲ ਪੁਰਸਕਰ ਦੀ ਵੈਬਸਾਈਟ https://awards.gov.in 'ਤੇ 31 ਜੁਲਾਈ 2025 ਤੱਕ ਆਪਣੀ ਰਜਿਸਟ ?ਰੇਸ਼ਨ ਕਰ ਸਕਦੇ ਹਨ। ਉਨ੍ਹਾਂ ਯੋਗ ਬੱਚਿਆਂ ਨੂੰ ਇਸ ਪੁਰਸਕਾਰ ਲਈ ਅਪਲਾਈ ਕਰਨ ਦੀ ਅਪੀਲ ਕੀਤੀ। ਵਧੇਰੇ ਜਾਣਕਾਰੀ ਲਈ ਦਫ਼ਤਰ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ, ਗਾਂਧੀ ਵਨਿਤਾ ਆਸ਼ਰਮ, ਕਪੂਰਥਲਾ ਚੌਕ ਜਲੰਧਰ ਵਿਖੇ ਪਹੁੰਚ ਕੀਤੀ ਜਾ ਸਕਦੀ ਹੈ ਜਾਂ ਦਫ਼ਤਰ ਦੀ ਈ-ਮੇਲ ਆਈ ਡੀ dcpojal2016@gmail.com ਤੋਂ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।

# ਮੱਛੀ ਪਾਲਣ ਸਬੰਧੀ ਮੁੱਢਲੀ ਪੰਜ ਦਿਨਾਂ ਟਰੇਨਿੰਗ 21 ਜੁਲਾਈ ਤੋਂ

ਜਲੰਧਰ, (ਲੋਕ ਬਾਣੀ) : ਮੱਛੀ ਪਾਲਣ ਵਿਭਾਗ ਜਲੰਧਰ ਵੱਲੋਂ ਮੱਛੀ ਪਾਲਣ ਸਬੰਧੀ ਮੁੱਢਲੀ ਪੰਜ ਦਿਨਾਂ ਟ ?ਰੇਨਿੰਗ 21 ਜੁਲਾਈ ਤੋਂ ਸ਼ੁਰੂ ਕੀਤੀ ਜਾ ਰਹੀ ਹੈ, ਜੋ 25 ਜੁਲਾਈ 2025 ਤੱਕ ਚੱਲੇਗੀ। ਸਹਾਇਕ ਡਾਇਰੈਕਟਰ ਮੱਛੀ ਪਾਲਣ ਬਿਕਰਮਪ੍ਰੀਤ ਸਿੰਘ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹੇ ਦੇ ਟ ?ਰੇਨਿੰਗ ਲੈਣ ਦੇ ਚਾਹਵਾਨ ਵਿਅਕਤੀ 21 ਜੁਲਾਈ 2025 ਸਵੇਰੇ 10:30 ਵਜੇ ਤੱਕ ਰਜਿਸਟ ?ਰੇਸ਼ਨ ਕਰਵਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਟਰੇਨਿੰਗ ਸਥਾਨ ਨਕੋਦਰ ਰੋਡ ਨੇੜੇ ਵਡਾਲਾ ਚੌਕ ਦੂਰਦਰਸ਼ਨ ਇਨਕਲੇਵ ਗਲੀ ਨੰ. 4 ਕੋਠੀ ਨੰ.92 ਹੋਵੇਗਾ। ਉਨ੍ਹਾਂ ਦੱਸਿਆ ਕਿ ਟ ?ਰੇਨਿੰਗ ਵਿੱਚ ਭਾਗ ਲੈਣ ਲਈ ਉਮੀਦਵਾਰ ਪੰਜਾਬ ਦਾ ਵਸਨੀਕ ਹੋਣਾ ਜ਼ਰੂਰੀ ਹੈ। ਚਾਹਵਾਨ ਵਿਅਕਤੀ ਆਪਣਾ ਆਧਾਰ ਕਾਰਡ ਅਸਲ ਸਮੇਤ ਫੋਟੋ ਕਾਪੀ ਅਤੇ ਇਕ ਪਾਸਪੋਰਟ ਸਾਈਜ਼ ਫੋਟੋ ਲੈ ਕੇ ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ। ਵਧੇਰੇ ਜਾਣਕਾਰੀ ਲਈ ਸਹਾਇਕ ਡਾਇਰੈਕਟਰ ਮੱਛੀ ਪਾਲਣ ਜਲੰਧਰ (94657-71967), ਸੀਨੀਅਰ ਮੱਛੀ ਪਾਲਣ ਅਫ਼ਸਰ (97798-84804) ਅਤੇ ਮੱਛੀ ਪਾਲਣ ਅਫ਼ਸਰ ਫਿਲੌਰ (97790-62296) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ

ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖ ਜਾਇ।।

ਸਿੱਖ ਧਰਮ ਦੇ ਅੱਠਵੇਂ ਗੁਰੂ ? ਧੰਨ ਧੰਨ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ? ਨੂੰ "ਬਾਲ ਗੁਰੂ,ਅਸ਼ਟਮ ਬਲਬੀਰ ਅਤੇ "ਬਾਲਾ ਪ੍ਰੀਤਮ"ਦੇ ਪਿਆਰ ਅਤੇ ਸਤਿਕਾਰ ਭਰੇ ਨਾਮਾਂ ਨਾਲ ਜਾਣਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਪ੍ਰਕਾਸ਼ 7 ਜੁਲਾਈ, 1656 ਈ: ਨੂੰ ਪਿਤਾ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਘਰ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਸ੍ਰੀ ਕੀਰਤਪੁਰ ਸਾਹਿਬ ਵਿਖੇ ਹੋਇਆ। ਗੁਰੂ ਪਿਤਾ ਧੰਨ ਧੰਨ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਬਾਲ ਹਰਿਕ੍ਰਿਸ਼ਨ ਜੀ ਲਈ ਗੁਰਬਾਣੀ ਅਤੇ ਗੁਰ ਇਤਿਹਾਸ ਦੀ ਸਿੱਖਿਆ ਲਈ ਵਿਸ਼ੇਸ਼ ਤੌਰ ਦੇ ਉੱਤੇ ਯਤਨ ਕੀਤੇ। ਗੁਰੂ ਸਾਹਿਬ ਦੇ ਇਨ੍ਹਾਂ ਯਤਨਾਂ ਸਦਕਾ ਹੀ ਬਾਲ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਨੂੰ ਚਾਰ ਸਾਲ ਦੀ ਉਮਰ ਵਿੱਚ ਸਾਰੀਆਂ ਬਾਣੀਆਂ ਤੇ ਗੁਰੂ ਗ੍ਰੰਥ ਸਾਹਿਬ ਦੇ ਅਨੇਕ ਸ਼ਬਦ ਜਬਾਨੀ ਯਾਦ ਹੋ ਗਏ।ਬਾਲ ਗੁਰੂ ਹਰਿਕ੍ਰਿਸ਼ਨ ਜੀ ਸਦਾ ਆਪਣੇ ਗੁਰੂ ਪਿਤਾ ਦੇ ਨਾਲ ਰਹਿੰਦੇ ਅਤੇ ਉਨਾਂ ਦੀ ਹਰ ਗੱਲ ਨੂੰ ਬੜੇ ਗੌਰ ਤੇ ਧਿਆਨ ਨਾਲ ਸੁਣਦੇ। ਬਾਲ ਗੁਰੂ ਹਰਿਕ੍ਰਿਸ਼ਨ ਜੀ ਬਚਪਨ ਤੋਂ ਹੀ ਆਪਣੇ ਪਿਤਾ ਜੀ ਨਾਲ ਦਵਾਖਾਨੇ ਵਿੱਚ ਜਾ ਕੇ ਆਪਣੇ ਕੋਮਲ ਛੋਹ ਅਤੇ ਮਿੱਠੇ ਬੋਲਾਂ ਨਾਲ ਰੋਗੀਆਂ ਦੀ ਸੇਵਾ ਕਰਦੇ ਸਨ।ਗੁਰੂ ਹਰਿ ਰਾਇ ਸਾਹਿਬ ਤੇ ਹਰਿ ਕ੍ਰਿਸ਼ਨ ਸਾਹਿਬ ਦੀ ਸੇਵਾ , ਦਵਾਖਾਨੇ ਤੇ ਸ਼ ?ਫਾਖਾਨੇ ਦੇ ਚਰਚੇ ਥਾਂ ਥਾਂ ਤੇ ਪਹੁੰਚ ਗਏ। ਇਕ ਸਮਾ ਆਇਆ ਜਦੋਂ ਦਿੱਲੀ ਦੇ ਹੁਕਮਰਾਨ ਸ਼ਾਹਜਹਾਨ ਦੇ ਪੁਤਰ ਦਾਰਾ ਸ਼ਿਕੋਹ ਜੋ ਔਰੰਗਜ਼ੇਬ ਦੀ ਮਕਾਰੀ ਕਰਕੇ ਸਖਤ ਬੀਮਾਰ ਪੈ ਗਿਆ ਸੀ ਜਿਸਦੀ ਦੀ ਸਲਾਮਤੀ ਵਾਸਤੇ ਮੁਗਲ ਹੁਕਮਰਾਨ ਸ਼ਾਹਜਹਾਂ ਨੇ ਕੋਈ ਹਕੀਮ, ਕੋਈ ਫਕੀਰ ਤੇ ਕੋਈ ਹੀਲਾ ਨਾ ਛਡਿਆ ਤਾਂ ਉਹ ਗੁਰੂ ਹਰਿ ਰਾਇ ਸਾਹਿਬ ਦੇ ਦਵਾਖਾਨੇ ਦੀਆਂ ਦਵਾਈਆਂ ਨਾਲ ਨੌ-ਬਰ-ਨੌ ਹੋ ਗਿਆ ਸੀ। ਆਪ ਜੀ ਦੇ ਵੱਡੇ ਭਰਾ ਦਾ ਨਾਂ ਰਾਮਰਾਏ ਸੀ। ਜਦੋਂ ਔਰੰਗਜੇਬ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ ਦਿੱਲੀ ਬੁਲਾਇਆ ਸੀ ਤਾਂ ਗੁਰੂ ਜੀ ਨੇ ਆਪਣੀ ਥਾਂ ਰਾਮ ਰਾਏ ਨੂੰ ਗੁਰਮਤਿ ਦੇ ਸਿਧਾਂਤ ਸਪੱਸ਼ਟ ਕਰਨ ਲਈ ਭੇਜਿਆ ਸੀ। ਰਾਮ ਰਾਏ ਨੇ ਪਹਿਲਾਂ ਤਾਂ ਬਾਦਸਾਹ ਔਰੰਗਜੇਬ ਨੂੰ ਆਪਣੀ ਪ੍ਰਤਿਭਾ ਨਾਲ ਬਹੁਤ ਪ੍ਰਭਾਵਿਤ ਕੀਤਾ ਤੇ ਬਾਅਦ ਵਿਚ ਕਰਾਮਾਤਾਂ ਦਿਖਾਈਆਂ।

ਆਪ ਜੀ ਦੇ ਵੱਡੇ ਭਰਾ ਰਾਮ ਰਾਇ ਨੇ ਮੁਗਲ ਬਾਦਸ਼ਾਹ ਨੂੰ ਖੁਸ਼ ਕਰਨ ਦੀ ਖਾਤਰ ਗੁਰਬਾਣੀ ਦੀਆਂ ਤੁਕਾਂ

ਮਿਟੀ ਮੁਸਲਮਾਨ ਕੀ ਪੇੜੈ ਪਈ ਘੁਮਿਆਰ
ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।

ਨੂੰ ਬਾਦਸ਼ਾਹ ਦੀ ਖੁਸ਼ੀ ਲੈਣ ਲਈ ਮਿਟੀ ਬੇਈਮਾਨ ਕੀ , ਕਹਿ

ਸੱਚ ਤੋਂ ਮੂੰਹ ਮੋੜ ਲਿਆ ਕਿਉਂਕਿ ਇਸ ਨਾਲ ਮੁਸਲਮਾਨਾ ਦੇ ਵਿਸ਼ਵਾਸ ਨੂੰ ਠੇਸ ਲਗਦੀ ਸੀ।ਜਦ ਇਹ ਘਟਨਾ ਕੀਰਤਪੁਰ ਸਾਹਿਬ ਪਹੁੰਚੀ ਤਾਂ ਗੁਰੂ ਸਾਹਿਬ ਨੇ ਉਸ ਨੂੰ ਕਦੇ ਨਾ ਮਥੇ ਲਗਣ ਦੀ ਹਿਦਾਇਤ ਕਰ ਦਿੱਤੀ। ਸੰਗਤ ਨੂੰ ਵੀ ਇਸ ਦੇ ਮੱਥੇ ਲੱਗਣ ਤੇ ਰੋਕ ਲਾ ਦਿੱਤੀ।

ਜਿਨ ਭੈ ਅਦਬ ਨ ਬਾਣੀ ਧਾਰਾ
ਜਾਨਹੁ ਸੋ ਸਿਖ ਨਹੀਂ ਹਮਾਰਾ ।।

ਗੁਰੂ ਹਰਿ ਰਾਇ ਜੀ ਨੇ ਸਿੱਖ ਧਰਮ ਦੇ ਸਿਧਾਂਤਾਂ ਦੀ ਰਾਖੀ ਕਰਦਿਆਂ ਛੋਟੀ ਉਮਰ ਦੇ ਹਰਿਕ੍ਰਿਸ਼ਨ ਜੀ ਨੂੰ ਗੁਰੂ ਬਣਾਇਆ।ਗੁਰੂ ਜੀ ਦੀ ਉਮਰ ਵਿੱਚ ਤਾਂ ? ਬਾਲਕ ਸਨ ਪਰ ਆਤਮਿਕ ਗਿਆਨ ਅਤੇ ਅਵਸਥਾ ਵੱਡੇ ਸੰਤਾਂ ਤੋਂ ਵੀ ਉੱਚੀ ਸੀ।

ਭਾਈ ਨੰਦ ਲਾਲ ਜੀ ਲਿਖਦੇ ਹਨ :

"ਗੁਰੂ ਹਰਿ ਕ੍ਰਿਸ਼ਨ ਆਂ ਹਮਾ ਫ਼ਜ਼ਲੋ ਜੂਦ,
ਹੱਕਸ਼ ਅਜ਼ ਹਮਾ ਖ਼ਾਸਗਾਂ ਬ-ਸਤੂ ॥"।

ਭਾਵ, 'ਗੁਰੂ ਹਰਿਕ੍ਰਿਸ਼ਨ ਸਾਹਿਬ ਮਿਹਰ ਤੇ ਬਖ਼ਸ਼ਿਸ਼ ਦਾ ਰੂਪ ਹਨ।

ਜਦੋਂ ਗੁਰੂ ਹਰਿਕ੍ਰਿਸ਼ਨ ਸਾਹਿਬ ਅੰਬਾਲਾ ਦੇ ਨੇੜੇ ਪੰਜੋਖਰਾ ਸਾਹਿਬ ਪਿੰਡ ਵਿੱਚ ਗੁਰਬਾਣੀ ਦੇ ਪ੍ਰਚਾਰ ਲਈ ਪਹੁੰਚੇ ਤਾਂ ਉਥੇ ਪੇਸ਼ਾਵਰ, ਕਾਬੁਲ ਅਤੇ ਕਸ਼ਮੀਰ ਤੋਂ ਵੱਡੀ ਗਿਣਤੀ ਵਿਚ ਸੰਗਤ ਅੱਗਿਓਂ ਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਵਿਚ ਆਈ ਹੋਈ ਸੀ। ਸੰਗਤ ਨੇ ਗੁਰੂ ਜੀ ਨੂੰ ਇੱਕ ਰਾਤ ਇੱਥੇ ਹੀ ਰੁਕਣ ਲਈ ਬੇਨਤੀ ਕੀਤੀ ਤਾਂ ਬਾਲ ਗੁਰੂ ਸਾਹਿਬ ਨੇ ਇਹ ਬੇਨਤੀ ਕਬੂਲ ਕਰ ਲਈ। ਗੁਰੂ ਸਾਹਿਬ ਜੀ ਦਾ ਸ਼ਾਹੀ ਸਤਿਕਾਰ ਅਤੇ ਠਾਠ ਬਾਠ ਵੇਖ ਕੇ ਪੰਜੋਖਰੇ ਦਾ ਹੀ ਇਕ ਨਿਵਾਸੀ ਪੰਡਤ ਲਾਲ ਚੰਦ ਮਨ ਹੀ ਮਨ ਵਿਚ ਬਹੁਤ ਕ੍ਰੋਧਿਤ ਹੋਇਆ। ਉਹ ਈਰਖਾ ਦੀ ਅੱਗ ਵਿਚ ਸੜਨ ਲੱਗਾ ਉਸ ਨੇਪੁੱਛਣ ਤੇ ਸੰਗਤਾਂ ਨੇ ਉਸ ਨੂੰ ਦੱਸਿਆ ਕਿ ਇਸ ਬਾਲ ਦਾ ਨਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਹੈ। ਇਹ ਸੁਣ ਕੇ ਪੰਡਤ ਲਾਲ ਚੰਦ ਗੁੱਸੇ ਵਿਚ ਅੱਗ ਬਬੂਲਾ ਹੋਇਆ ਗੁਰੂ ਸਾਹਿਬ ਜੀ ਦੇ ਕੋਲ ਆ ਗਿਆ। ਗੁਰੂ ਸਾਹਿਬ ਜੀ ਉਸ ਦੇ ਮਨ ਦੀ ਗੱਲ ਬੁੱਝ ਗਏ ਸਨ।



ਉਸ ਨੇ ਗੁਰੂ ਜੀ ਅੱਗੇ ਸ਼ੰਕਾ ਪ੍ਰਗਟ ਕੀਤੀ ਕਿ ਕੀ ਉਹ ਗੀਤਾ ਦੇ ਅਰਥ ਕਰਕੇ ਸੁਣਾ ਸਕਦੇ ਹਨ। ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਪੰਡਿਤ ਜੀ ਨੂੰ ਆਪਣੇ ਪਿੰਡ ਵਿੱਚੋਂ ਕਿਸੇ ਵਿਅਕਤੀ ਨੂੰ ਲੈ ਕੇ ਆਉਣ ਦੀ ਬੇਨਤੀ ਕੀਤੀ ਜਿਸ ਪਾਸੋਂ ਉਹ ਗੀਤਾ ਦੇ ਅਰਥ ਕਰਵਾ ਸਕਣ। ਪੰਡਿਤ ਨੇ ਗੁਰੂ ਜੀ ਦੀ ਪਰਖ ਕਰਨ ਲਈ ਪਿੰਡ ਦੇ ਇੱਕ ਗੂੰਗੇ ਬੋਲੇ ਛੱਜੂ ਨਾਮ ਦੇ ਵਿਅਕਤੀ ਨੂੰ ਗੁਰੂ ਜੀ ਦੇ ਕੋਲ ਲੈ ਆਏ। ਗੁਰੂ ਜੀ ਨੇ ਛੱਜੂ ਦੇ ਸਿਰ ਤੇ ਆਪਣੇ ਹੱਥ ਵਿਚ ਫੜੀ ਹੋਈ ਛੜੀ ਸਿਰ 'ਤੇ ਰੱਖ ਦਿੱਤੀ ਅਤੇ ਪੰਡਤ ਲਾਲ ਚੰਦ ਨੂੰ ਗੀਤਾ ਦਾ ਕੋਈ ਸ਼ਲੋਕ ਬੋਲਣ ਲਈ ਕਿਹਾ। ਇਸ ਵੇਲੇ ਤਕ ਆਸ ਪਾਸ ਦੇ ਪਿੰਡਾਂ ਤੋਂ ਵੀ ਵੱਡੀ ਗਿਣਤੀ ਵਿਚ ਸੰਗਤ ਇੱਥੇ ਇਕੱਠੀ ਹੋ ਚੁੱਕੀ ਸੀ। ਜਦੋਂ ਪੰਡਤ ਲਾਲ ਚੰਦ ਨੇ ਸ਼ਲੋਕ ਉਚਾਰਨ ਕੀਤਾ ਤਾਂ ਉਸਨੇ ਸਲੋਕ ਹੀ ਗਲਤ ਪੜ੍ਹ ਦਿੱਤਾ। ਛੱਜੂ ਨੇ ਆਪਣੇ ਪਵਿੱਤਰ ਮੁਖਾਰਬਿੰਦ ਤੋਂ ਕਿਹਾ ਪੰਡਤ ਜੀ ਤੁਸੀਂ ਤਾਂ ਸਲੋਕ ਹੀ ਗ਼ਲਤ ਪੜ੍ਹ ਰਹੇ ਹੋ। ਅਸਲੀ ਸ਼ਲੋਕ ਇਹ ਹੈ ਅਤੇ ਇਸ ਦਾ ਅਰਥ ਇਹ ਹੈ। ਜਦੋਂ ਦੋ ਤਿੰਨ ਵਾਰ ਅਜਿਹਾ ਹੀ ਵਾਪਰਿਆ ਤਾਂ ਪੰਡਤ ਲਾਲ ਚੰਦ ਜੀ ਦਾ ਹੰਕਾਰ ਚਕਨਾਚੂਰ ਹੋ ਗਿਆ ਅਤੇ ਉਹ ਗੁਰੂ ਜੀ ਦੇ ਚਰਨਾਂ 'ਤੇ ਢਹਿ ਪਿਆ।

ਰਾਜਾ ਜੈ ਸਿੰਘ ਦੀ ਬੇਨਤੀ ਉਤੇ ਗੁਰੂ ਜੀ ਦਿੱਲੀ ਪਹੁੰਚੇ। ਉਸ ਸਮੇਂ ਦਿੱਲੀ ਵਿੱਚ ਚਮੜੀ ਤੇ ਹੈਜ਼ਾ ਦੀ ਭਿਆਨਕ ਮਹਾਂਮਾਰੀ ਫੈਲੀ ਹੋਈ ਸੀ। ਗੁਰੂ ਜੀ ਨੇ ਗਰੀਬਾਂ ਤੇ ਬਿਮਾਰ ਲੋਕਾਂ ਦੀ ਸੇਵਾ ਕੀਤੀ। ਉਹ ਦਿਲੋਂ ਦਿਲੇ ਹਜ਼ਾਰਾਂ ਲੋਕਾਂ ਦੇ ਦੁੱਖ ਦਰਦ ਦੂਰ ਕਰਦੇ ਰਹੇ।

ਇਸ ਸਮੇ ਉਹਨਾਂ ਨੇ ਗੁਰੂ ਘਰਾਂ ਦੀ ਗੋਲਕ ਦੇ ਮੂੰਹ ਦੀਨ ਦੁੱਖੀਆਂ ਲਈ ਖੋਲ੍ਹ ਦਿੱਤੇ । ਆਪ ਜੀ ਦੇ ਦਰਸ਼ਨ ਕਰਕੇ ਲੋਕ ਮਨ ਅਤੇ ਤਨ ਤੋਂ ਨਿਰੋਗ ਹੋ ਜਾਂਦੇ । ਆਪ ਜੀ ਦੀ ਉਸਤਤ ਕਰਦੇ ਹੋਏ ਗੁਰੂ ਗੋਬਿੰਦ ਸਾਹਿਬ ਨੇ ਬਾਣੀ ਉਚਾਰਨ ਕੀਤੀ -

"ਸ਼੍ਰੀ ਹਰਿਕ੍ਰਿਸ਼ਨ ਧਿਆਈਐ, ਡਿਠੇ ਸਭ ਦੁਖ ਜਾਇ ।।

ਰੋਗੀਆਂ ਦੀ ਦਿਨ ਰਾਤ ਅਣਥੱਕ ਸੇਵਾ ਨਿਭਾਉਂਦਿਆਂ ਆਪ ਨੂੰ ਇੱਕ ਦਿਨ ਤੇਜ ਬੁਖ਼ਾਰ ਹੋ ਗਿਆ । ਆਪ ਜੀ ਦੇ ਸਰੀਰ ਤੇ ਵੀ ਚੇਚਕ ਦੇ ਲੱਛਣ ਦਿਖਾਈ ਦੇਣ ਲੱਗੇ । ਇਸ ਸਮੇ ਗੁਰੂ ਜੀ ਨੂੰ ਆਪਣਾ ਅੰਤਿਮ ਸਮਾਂ ਨਜ਼ਦੀਕ ਆਇਆ ਦਿਖਾਈ ਦੇਣ ਲੱਗਾ । ਆਪ ਨੇ ਸੰਗਤ ਨੂੰ ਗੁਰਿਆਈ ਸੌਂਪਣ ਸਬੰਧੀ 'ਬਾਬਾ ਬਕਾਲਾ' ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਗੁਰੂ ਨਾਨਕ ਸਾਹਿਬ ਦੀ ਗੁਰਗੱਦੀ ਦਾ ਵਾਰਿਸ ਬਾਬਾ ਬਕਾਲਾ ਵਿਖੇ ਹੈ।ਗੁਰੂ ਜੀ ਚੇਚਕ ਦੀ ਬੀਮਾਰੀ ਹੋਣ ਕਾਰਨ ਆਪਣੇ ਜੀਵਨ ਪੰਧ ਦੀ ਯਾਤਰਾ ਦੇ 7 ਸਾਲ, 8 ਮਹੀਨੇ, 19 ਦਿਨ, ਸੰਪੂਰਨ ਕਰਦੇ ਹੋਏ 30 ਮਾਰਚ 1664 ਈਸਵੀ ਨੂੰ ਅਕਾਲ ਪੁਰਖ ਦੇ ਚਰਨਾਂ ਵਿੱਚ ਵਿਰਾਜਮਾਨ ਹੋ ਗਏ ਸਨ।

**ਭੁੱਲ ਚੁੱਕ ਦੀ ਖਿਮਾ**
**ਦਾਸ ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**


# ਨਿਗਮ ਦੇ ਸਿਹਤ ਵਿਭਾਗ ਵਲੋਂ ਪਛਮੀ ਜੋਨ ਦੀਆਂ ਮੁੱਖ ਸੜਕਾਂ ਤੇ ਚਲਾਇਆ ਗਿਆ ਸਫਾਈ ਅਭਿਆਨ

ਅੰਮ੍ਰਿਤਸਰ (ਲੋਕ ਬਾਣੀ) ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੀਆਂ ਹਦਾਇਤਾਂ ਮੁਤਾਬਿਕ ਅੱਜ ਸੰਯੁਕਤ ਕਮਿਸ਼ਨਰ ਜੈ ਇੰਦਰ ਸਿੰਘ ਅਤੇ ਸਿਹਤ ਅਫਸਰ ਡਾ. ਰਮਾ ਵੱਲੋਂ ਹਲਕਾ ਵੈਸਟ ਦੀਆਂ ਮੇਨ ਸੜਕਾਂ ਉੱਪਰ ਸਫਾਈ ਅਭਿਆਨ ਚਲਾਇਆ ਗਿਆ। ਇਹ ਸੜਕ ਭੰਡਾਰੀ ਪੁੱਲ ਤੋਂ ਲੈ ਕੇ ਇੰਡੀਆ ਗੇਟ ਤੱਕ ਸੰਯੁਕਤ ਕਮਿਸ਼ਨਰ ਵੱਲੋਂ ਗੋਦ ਲਈ ਗਈ ਹੈ। ਇਸ ਦੇ ਨਾਲ ਹੀ ਸਰਕਾਰ ਵੱਲੋਂ ਚਲਾਏ ਜਾ ਰਹੇ ਸਫਾਈ ਅਭਿਆਨ ਸਫਾਈ ਅਪਣਾਓ ਬਿਮਾਰੀ ਭਜਾਓ ਤਹਿਤ ਲੋਕਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਲੋਕਾਂ ਨੂੰ ਸਾਫ ਸਫਾਈ ਵਿੱਚ ਯੋਗਦਾਨ ਪਾਉਣ ਲਈ ਅਪੀਲ ਕੀਤੀ ਗਈ। ਡੇਂਗੂ ਸਬੰਧੀ ਚਲਾਈ ਜਾ ਰਹੀ ਮੁਹਿੰਮ ਹਰ ਸ਼ੁਕਰਵਾਰ ਡੇਂਗੂ ਤੇ ਵਾਰ ਪ੍ਰੋਗਰਾਮ ਤਹਿਤ ਲੋਕਾਂ ਨੂੰ ਡੇਂਗੂ ਤੋਂ ਬਚਾਅ ਲਈ ਵੀ ਜਾਗਰੂਕ ਕੀਤਾ ਗਿਆ।




# ਨਿਗਮ ਦੇ ਲੈਂਡ ਵਿਭਾਗ ਵਲੋਂ ਗੋਲਬਾਗ ਰੇਲਵੇ ਸਟੇਸ਼ਨ ਦੇ ਸਾਹਮਣੇ ਨਜਾਇਜ ਖੋਖੇ ਹਟਾਏ ਗਏ

ਅੰਮ੍ਰਿਤਸਰ,(ਅਰਵਿੰਦਰ ਵੜੈਚ)- ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾ ਤੇ ਕਾਰਵਾਈ ਕਰਦੇ ਹੋਏ ਨਗਰ ਨਿਗਮ ਦੇ ਲੈਂਡ ਵਿਭਾਗ ਦੀ ਟੀਮ ਵਲੋਂ ਗੋਲਬਾਗ ਰੇਲਵੇ ਸਟੇਸ਼ਨ ਦੇ ਬਾਹਰ ਇਕ ਵੱਡੀ ਕਾਰਵਾਈ ਕਰਦੇ ਹੋਏ 6 ਨਜਾਇਜ ਤੋਰ ਤੇ ਲੱਗੇ ਖੋਖਿਆਂ ਨੂੰ ਹਟਾ ਦਿਤਾ ਗਿਆ ਅਤੇ ਗਿਲਵਾਲੀ ਗੇਟ ਵਿਖੇ ਥਾਣਾ ਸੀ ਡਵੀਜਨ ਦੇ ਸਾਹਮਣੇ ਨਿਗਮ ਦੀ ਸਰਕਾਰੀ ਜਗਾਂ ਤੇ ਹੋਏ ਨਜਾਇਜ ਕਬਜੇ ਨੂੰ ਵੀ ਕਬਜਾ ਮੁਕਤ ਕੀਤਾ ਗਿਆ। ਕਾਰਵਾਈ ਵਿੱਚ ਭਗਤਾਂ ਵਾਲਾ ਅਤੇ ਗੋਲਬਾਗ ਮੇਨ ਰੋਡ ਤੇ ਦੁਕਾਨਦਾਰਾ ਵਲੋਂ ਸਮਾਨ ਲਗਾ ਕੇ ਕੀਤੇ ਗਏ ਕਬਜੇ ਨੂੰ ਹਟਾਇਆ ਗਿਆ ਅਤੇ ਸਮਾਨ ਜਬਤ ਕਰ ਲਿਆ ਗਿਆ। ਇਸ ਮੌਕੇ ਤੇ ਅਸਟੇਟ ਅਫਸਰ ਧਰਮਿੰਦਰਜੀਤ ਸਿੰਘ , ਅਮਨ ਕੁਮਾਰ ਇੰਸਪੈਕਟਰ ਅਤੇ ਅਰੁਣ ਸਹਿਜ ਪਾਲ ਤੋ ਇਲਾਵਾ ਪੁਲਿਸ ਦੀ ਟੀਮ ਦੇ ਨਾਲ ਸ਼ਾਮਿਲ ਸੀ ।



# ਸ਼ਹੀਦ ਭਗਤ ਸਿੰਘ ਵੈਲਫੇਅਰ ਸੋਸਾਇਟੀ ਨੇ ਤਹਿਸੀਲਦਾਰ ਨੂੰ ਮੁੱਖ ਮੰਤਰੀ ਦੇ ਨਾਮ ਸੌਂਪਿਆ ਮੰਗ ਪੱਤਰ

## ਸੜਕ ਬਣਾਉਣ ਲਈ 55.28 ਲੱਖ ਰੁਪਏ ਦਾ ਬਜਟ ਜਾਰੀ ਕਰਨ ਦੀ ਮੰਗ

ਦੀਨਾਨਗਰ (ਲੋਕ ਬਾਣੀ) ਸ਼ਹੀਦ ਭਗਤ ਸਿੰਘ ਵੈਲਫੇਅਰ ਸੋਸਾਇਟੀ ਦੀਨਾਨਗਰ ਰਜਿ: ਦੇ ਪ੍ਰਧਾਨ ਸ੍ਰੀ ਰਮੇਸ਼ ਪਾਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਅੱਜ ਤਹਿਸੀਲਦਾਰ ਦਲਵਿੰਦਰ ਸਿੰਘ ਨੂੰ ਉਹਨਾਂ ਦੇ ਦਫਤਰ ਦੀਨਾਨਗਰ ਵਿਖੇ ਸੁਸਾਇਟੀ ਦੇ ਵਫਦ ਵੱਲੋਂ ਮੁੱਖ ਮੰਤਰੀ ਦੇ ਨਾਮ ਮੰਗ ਪੱਤਰ ਸੌਂਪਿਆ ਗਿਆ। ਮੰਗ ਪੱਤਰ ਸੌਂਪਦੇ ਹੋਏ ਸੁਸਾਇਟੀ ਦੇ ਆਗੂਆਂ ਨੇ ਦੱਸਿਆ ਕਿ ਮਿਤੀ 26 ਅਗਸਤ 2024 ਅਤੇ ਮਿਤੀ 17 ਫਰਵਰੀ 2025 ਨੂੰ ਸੋਸਾਇਟੀ ਵੱਲੋਂ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਮੁੱਖ ਮੰਤਰੀ ਦਫਤਰ ਚੰਡੀਗੜ੍ਹ ਨੂੰ ਪਿੰਡ ਭਟੋਇਆ ਤੋਂ ਪਿੰਡ ਬਾੜਾ ਤੱਕ ਜਾਂਦੀ ਕੱਚੀ ਫਿਰਨੀ ਉੱਪਰ ਪੱਕੀ ਸੜਕ ਬਣਾਉਣ ਸਬੰਧੀ ਮੰਗ ਪੱਤਰ ਭੇਜੇ ਗਏ ਸਨ।. ਜਿਸ ਦੇ ਪ੍ਰਣਾਮ ਸਦਕਾ ਪੰਜਾਬ ਮੰਡੀ ਬੋਰਡ ਗੁਰਦਾਸਪੁਰ ਦੇ ਐਕਸੀਅਨ ਬਲਦੇਵ ਸਿੰਘ ਦੁਆਰਾ ਇਸ ਕੱਚੀ ਫਿਰਨੀ ਉੱਪਰ ਪੱਕੀ ਸੜਕ ਬਣਾਉਣ ਲਈ ਐਸਟੀਮੇਟ ਤਿਆਰ ਕੀਤਾ ਗਿਆ। ਐਸਟੀਮੇਟ ਵਿੱਚ ਦੱਸਿਆ ਗਿਆ ਹੈ ਕਿ ਇਹ ਕੱਚੀ ਫਿਰਨੀ ਜੋ 2.11 ਕਿਲੋਮੀਟਰ ਲੰਬੀ ਹੈ, ਇਸ ਉੱਪਰ ਪੱਕੀ ਸੜਕ ਦੀ ਉਸਾਰੀ ਲਈ 55.28 ਲੱਖ ਰੁਪਏ ਦੀ ਲਾਗਤ ਆਵੇਗੀ। ਸ਼ਹੀਦ ਭਗਤ ਸਿੰਘ ਵੈਲਫੇਅਰ ਸੋਸਾਇਟੀ ਦੀਨਾਨਗਰ ਵੱਲੋਂ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਨੂੰ ਜੋਰਦਾਰ ਮੰਗ ਕੀਤੀ ਜਾਂਦੀ ਹੈ ਕਿ ਇਸ ਕੱਚੀ ਫਿਰਨੀ ਉੱਪਰ ਸੜਕ ਬਣਾਉਣ ਦੇ ਲਈ 55.28 ਲੱਖ ਰੁਪਏ ਦਾ ਬਜਟ ਜਾਰੀ ਕਰਕੇ ਜਲਦ ਤੋਂ ਜਲਦ ਸੜਕ ਦਾ ਕੰਮ ਸ਼ੁਰੂ ਕਰਵਾਇਆ ਜਾਵੇ।.

# ਵਿਧਾਇਕ ਫਾਜ਼ਿਲਕਾ ਨੇ ਪਿੰਡ ਬਾਂਡੀ ਵਾਲਾ ਵਿਖੇ 2 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਪੱਕੇ ਖਾਲਿਆਂ ਦਾ ਕੀਤਾ ਉਦਘਾਟਨ

## ਕਿਸਾਨਾਂ ਦੀ ਖੇਤੀ ਪੱਖੋਂ ਨਹਿਰੀ ਖਾਲੇ, ਪਾਣੀ ਤੇ ਬਿਜਲੀ ਦੀ ਮੰਗ ਕੀਤੀ ਜਾ ਰਹੀ ਹੈ ਪੂਰੀ— ਨਰਿੰਦਰ ਪਾਲ ਸਿੰਘ ਸਵਨਾ

ਫਾਜ਼ਿਲਕਾ (ਰਾਜ ਅਰੌੜਾ/ਪ੍ਰਵੀਨ ਕੁਮਾਰ) ਕਿਸਾਨਾਂ ਨੂੰ ਖੇਤੀ ਪੱਖੋਂ ਕੋਈ ਮੁਸ਼ਕਿਲ ਨਾ ਆਵੇ, ਇਸ ਲਈ ਫਾਜ਼ਿਲਕਾ ਦੇ ਵਿਧਾਇਕ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਸਾਨਾਂ ਦੀ ਸਾਰ ਲੈਂਦਿਆਂ ਲਗਾਤਾਰ ਮੰਗਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਇਸੇ ਲੜੀ ਤਹਿਤ ਵਿਧਾਇਕ ਫਾਜ਼ਿਲਕਾ ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਪਿੰਡ ਬਾਂਡੀ ਵਾਲਾ ਵਿਖੇ 2 ਕਰੋੜ ਰੁਪਏ ਦੀ ਲਾਗਤ ਨਾਲ ਬਣਾਏ ਪੱਕੇ ਖਾਲਿਆਂ ਦਾ ਉਦਘਾਟਨ ਕੀਤਾ।

ਸ੍ਰੀ ਨਰਿੰਦਰ ਪਾਲ ਸਿੰਘ ਸਵਨਾ ਨੇ ਕਿਹਾ ਕਿ ਪੱਕੇ ਖਾਲੇ ਬਣਨ ਨਾਲ ਕਿਸਾਨਾਂ ਨੂੰ ਪੂਰਾ ਤੇ ਨਹਿਰੀ ਪਾਣੀ ਮਿਲੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਮੰਗਾਂ ਦੇ ਤਹਿਤ ਉਹ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਨੂੰ ਮਿਲਦੇ ਰਹਿੰਦੇ ਹਨ ਤਾਂ ਜ਼ੋ ਕਿਸਾਨ ਵੀਰਾਂ ਨੂੰ ਖੇਤੀ ਪੱਖੋਂ ਕੋਈ ਮੁਸ਼ਕਲ ਪੇਸ਼ ਨਾ ਆਵੇ, ਇਸ ਲਈ ਲਗਾਤਾਰ ਪੱਕੇ ਖਾਲੇ ਤੇ ਪੱਕੀਆਂ ਨਹਿਰਾਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਸਾਨਾਂ ਨੂੰ ਵਿਸ਼ਵਾਸ਼ ਦਵਾਇਆ ਕਿ ਉਹ ਹਲਕੇ ਵਿਚ ਕੋਈ ਵੀ ਖਾਲਾ ਕੱਚਾ ਨਹੀਂ ਰਹਿਣ ਦੇਣਗੇ। ਉਨ੍ਹਾਂ ਕਿਹਾ ਕਿ ਪੱਕੇ ਖਾਲੇ ਬਣਨ ਨਾਲ ਕਿਸਾਨਾਂ ਨੂੰ ਭਰਪੂਰ ਮਾਤਰਾ ਵਿਚ ਪਾਣੀ ਮਿਲਦਾ ਹੈ। ਉਨ੍ਹਾਂ ਕਿਹਾ ਕਿ ਖਾਲਿਆਂ ਦੀ ਉਸਾਰੀ ਵਿਚ ਮਟੀਰੀਅਲ ਵੀ ਉਚ ਗੁਣਵਤਾ ਦਾ ਵਰਤਿਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨ ਵੀਰ ਵੀ ਸਰਕਾਰ ਦੇ ਇਸ ਉਪਰਾਲਿਆਂ ਦੀ ਤਾਰੀਫ ਕਰ ਰਹੇ ਹਨ ਕਿ ਮੌਜੂਦਾ ਸਰਕਾਰ ਨੇ ਟੇਲਾਂ ਤੱਕ ਪਾਣੀ ਪਹੁੰਚਾਇਆ ਹੈ ਤੇ ਬਿਜਲੀ ਦੀ ਮੰਗ ਨੂੰ ਵੀ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨੀ ਨੂੰ ਆਰਥਿਕ ਤੌਰ *ਤੇ ਮਜਬੂਤ ਕਰਨ ਲਈ ਲਗਾਤਾਰ ਪਹਿਲਕਦਮੀਆਂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀ ਵੀ ਪਿੰਡ ਸ਼ਤੀਰਵਾਲਾ, ਟਿਲਾਂ ਵਾਲੀ ਅਤੇ ਖਿਓ ਵਾਲੀ ਵੀ 2 ਕਰੋੜ ਤੋਂ ਵਧੇਰੇ ਦੇ ਖਾਲਿਆਂ ਦਾ ਉਦਘਾਟਨ ਕੀਤਾ।






# ਨਸ਼ਾ ਮੁਕਤੀ ਯਾਤਰਾ ਪਿੰਡ ਕੋਠਾ, ਚਾਕਾਂਵਾਲੀ, ਬਹਿਲੋਲਪੁਰ, ਘੁੰਮਣ, ਮਾਨ, ਕਾਹਲਾਂਵਾਲੀ ਅਤੇ ਖਲੀਲਪੁਰ ਵਿਖੇ ਪਹੁੰਚੀ

## ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਇਲਾਕੇ ਦੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਕੀਤਾ ਲਾਮਬੱਧ

ਡੇਰਾ ਬਾਬਾ ਨਾਨਕ/ਗੁਰਦਾਸਪੁਰ, - ( ਜਸਵਿੰਦਰ ਸਿੰਘ ) - ਮੁੱਖ ਮੰਤਰੀ, ਪੰਜਾਬ, ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ਯੁੱਧ ਨਸ਼ਿਆਂ ਵਿਰੁੱਧ ਤਹਿਤ ਨਸ਼ਾ ਮੁਕਤੀ ਯਾਤਰਾ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਕੋਠਾ, ਚਾਕਾਂਵਾਲੀ, ਬਹਿਲੋਲਪੁਰ, ਘੁੰਮਣ, ਮਾਨ, ਕਾਹਲਾਂਵਾਲੀ ਅਤੇ ਖਲੀਲਪੁਰ ਵਿਖੇ ਪਹੁੰਚੀ, ਜਿੱਥੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਦੀ ਅਗਵਾਈ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਅਤੇ ਆਮ ਜਨਤਾ ਨਾਲ ਮੀਟਿੰਗਾਂ ਦੌਰਾਨ ਨਸ਼ਿਆਂ ਦੇ ਖ਼ਾਤਮੇ ਦਾ ਅਹਿਦ ਲਿਆ ਗਿਆ ਇਸ ਮੌਕੇ ਵੱਡੀਆਂ ਜਾਗਰੂਕਤਾ ਸਭਾਵਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਨਸ਼ਿਆਂ ਦੇ ਖ਼ਾਤਮੇ ਲਈ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਨਸ਼ਾ ਮੁਕਤੀ ਯਾਤਰਾ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲ ਰਿਹਾ ਹੈ

# ਸੀਬੀਏ ਇਨਫੋਟੈਕ ਅਤੇ ਭਾਰਤ ਵਿਕਾਸ ਪਰਿਸ਼ਦ ਸਿਟੀ ਬ੍ਰਾਂਚ ਵੱਲੋਂ ਪੌਧਾਰੋਪਣ ਕੈਂਪ ਆਯੋਜਿਤ

ਗੁਰਦਾਸਪੁਰ, ( ਜਸਵਿੰਦਰ ਸਿੰਘ )- ਵਾਤਾਵਰਣ ਸੁਰੱਖਿਆ ਅਤੇ ਹਰੇ-ਭਰੇ ਭਵਿੱਖ ਨੂੰ ਸਮਰਪਿਤ ਹੋ ਕੇ, ਭਾਰਤ ਵਿਕਾਸ ਪਰਿਸ਼ਦ ਸਿਟੀ ਬ੍ਰਾਂਚ ਗੁਰਦਾਸਪੁਰ ਵੱਲੋਂ ਸੀਬੀਏ ਇਨਫੋਟੈਕ ਕੰਪਿਊਟਰ ਸੈਂਟਰ ਗੁਰਦਾਸਪੁਰ ਦੇ ਸਹਿਯੋਗ ਨਾਲ ਇੱਕ ਵਿਸ਼ੇਸ਼ ਪੌਧਾਰੋਪਣ ਕੈਂਪ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਸੀਬੀਏ ਇਨਫੋਟੈਕ ਦੇ ਕੈਂਪਸ ਵਿੱਚ ਵਰਖਾ ਰੁੱਤ ਦੇ ਪਵਿੱਤਰ ਮੌਕੇ 'ਤੇ ਕਰਵਾਇਆ ਗਿਆ ਕਾਰਜਕ੍ਰਮ ਦੀ ਸ਼ੁਰੂਆਤ ਬ੍ਰਾਂਚ ਦੇ ਪ੍ਰਧਾਨ ਰਾਜੇਸ਼ ਸਲਹੋਤਰਾ ਵੱਲੋਂ ਕੀਤੀ ਗਈ। ਉਨ੍ਹਾਂ ਨੇ ਸਾਰੇ ਮਿਹਮਾਨਾਂ ਅਤੇ ਵਿਦਿਆਰਥੀਆਂ ਦਾ ਸਵਾਗਤ ਕਰਦੇ ਹੋਏ ਭਾਰਤ ਵਿਕਾਸ ਪਰਿਸ਼ਦ ਦੀਆਂ ਲੱਖੇਬੰਦੀਆਂ ਅਤੇ ਉਦੇਸ਼ਾਂ ਬਾਰੇ ਜਾਣੂ ਕਰਵਾਇਆ। ਉਨ੍ਹਾਂ ਨੇ ਸਭ ਨੂੰ ਸਮਾਜਿਕ ਭਲਾਈ ਵਿੱਚ ਭਾਗੀਦਾਰੀ ਲਈ ਪ੍ਰੇਰਿਤ ਕੀਤਾ ਵਾਤਾਵਰਣ ਸੰਯੋਜਕ ਬੀ.ਬੀ. ਗੁਪਤਾ ਨੇ ਵਾਤਾਵਰਣ ਸੰਭਾਲ ਬਾਰੇ ਮਹੱਤਵਪੂਰਨ ਜਾਣਕਾਰੀ ਸਾਂਝੀ ਕੀਤੀ ਅਤੇ ਵਿਦਿਆਰਥੀਆਂ ਨੂੰ ਆਪਣੀ ਜ਼ਿੰਦਗੀ ਵਿੱਚ ਹਰੇ ਪੌਧਿਆਂ ਦੀ ਅਹਿਮੀਅਤ ਸਮਝਾਉਂਦੇ ਹੋਏ ਪੌਧੇ ਲਗਾਉਣ ਲਈ ਉਤਸ਼ਾਹਿਤ ਕੀਤਾ ਬ੍ਰਾਂਚ ਸਰਪ੍ਰਸਤ ਰੋਮੇਸ਼ ਸ਼ਰਮਾ ਨੇ ਭਾਰਤ ਵਿਕਾਸ ਪਰਿਸ਼ਦ ਦੀ ਭੂਮਿਕਾ ਤੇ ਦੇਸ਼ ਦੀ ਰਿੱਛੀ ਸੱਭਿਆਚਾਰ ਬਾਰੇ ਵੀਚਾਰ ਸਾਂਝੇ ਕੀਤੇ ਜੀਵੀਸੀਏ ਦੇ ਪ੍ਰਾਂਤੀ ਸੰਯੋਜਕ ਅਨੁਰੰਜਨ ਸੈਨੀ ਵੱਲੋਂ ਵਿਦਿਆਰਥੀਆਂ ਨਾਲ ਗੁਰੂ ਵੰਦਨ ਛਾਤਰ ਅਭਿਨੰਦਨ ਸਮਾਰੋਹ ਕਰਵਾਇਆ ਗਿਆ ਅਤੇ ਉਨ੍ਹਾਂ ਨੂੰ ਵਾਤਾਵਰਣ ਸੰਭਾਲ ਦੀ ਸੌਗੰਧ ਵੀ ਦਿਵਾਈ ਗਈ ਸੀਬੀਏ ਇਨਫੋਟੈਕ ਦੇ MD Er. ਸੰਦੀਪ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਆਏ ਹੋਏ ਮਿਹਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 321 9©6®"538 ਨਾ ਸਿਰਫ਼ ਗੁਰਦਾਸਪੁਰ ਵਿਚ ਆਈ.ਟੀ. ਖੇਤਰ ਵਿੱਚ ਅਗਵਾਈ ਕਰ ਰਹੀ ਹੈ, ਸਗੋਂ ਸਮਾਜਿਕ ਅਤੇ ਵਾਤਾਵਰਨਕ ਗਤੀਵਿਧੀਆਂ ਵਿੱਚ ਵੀ ਆਪਣਾ ਯੋਗਦਾਨ ਪਾ ਰਹੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਵਾਤਾਵਰਣ ਬਾਰੇ ਜਾਗਰੂਕ ਕਰਨਾ ਅੱਜ ਦੇ ਸਮੇਂ ਦੀ ਲੋੜ ਹੈ ਪ੍ਰੋ. ਮਹਿੰਦਰ ਕੁਮਾਰ ਨੇ ਅਖੀਰ ਵਿੱਚ ਸਾਰੇ ਹਾਜ਼ਰ ਅਤਿਥੀਆਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਇਸ ਮੌਕੇ 'ਤੇ ਕੈਂਪਸ ਵਿੱਚ ਪੌਧੇ ਲਗਾਏ ਗਏ ਅਤੇ 321 ਇਨਫੋਟੈਕ ਦੇ 40 ਵਿਦਿਆਰਥੀਆਂ ਨੂੰ ਪੌਧੇ ਵੰਡੇ ਗਏ, ਤਾਂ ਜੋ ਉਹ ਆਪਣੀ ਘਰ ਜਾਂ ਇਲਾਕੇ ਵਿੱਚ ਇਹ ਪੌਧੇ ਲਗਾ ਕੇ ਵਾਤਾਵਰਣ ਸੰਭਾਲ ਵੱਲ ਯੋਗਦਾਨ ਪਾ ਸਕਣ।




# ਨਸ਼ਾ ਮੁਕਤੀ ਯਾਤਰਾ ਨੂੰ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਮਿਲ ਰਿਹਾ ਵੱਡਾ ਹੁੰਗਾਰਾ

## ਚੇਅਰਮੈਨ ਰਮਨ ਬਹਿਲ ਦੀ ਅਗਵਾਈ ਹੇਠ ਪਿੰਡ ਦਿਓਲ, ਕਾਲਾ ਨੰਗਲ, ਚੱਕ ਆਰੀਆ ਅਤੇ ਮਸੀਤ ਵਿਖੇ ਨਸ਼ਾ ਮੁਕਤੀ ਯਾਤਰਾ ਤਹਿਤ ਹੋਈਆਂ ਜਾਗਰੂਕਤਾ ਸਭਾਵਾਂ

ਗੁਰਦਾਸਪੁਰ, ( ਜਸਵਿੰਦਰ ਸਿੰਘ ) - ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਏ ਜਾ ਰਹੇ ÷ਯੁੱਧ ਨਸ਼ਿਆਂ ਵਿਰੁੱਧ÷ ਮੁਹਿੰਮ ਤਹਿਤ ਨਸ਼ਾ ਮੁਕਤੀ ਯਾਤਰਾ ਨੂੰ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਵੱਡਾ ਹੁੰਗਾਰਾ ਮਿਲ ਰਿਹਾ ਹੈ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਦੀ ਅਗਵਾਈ ਹੇਠ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਨਸ਼ਾ ਮੁਕਤੀ ਯਾਤਰਾ ਤਹਿਤ ਰੋਜ਼ਾਨਾਂ ਜਾਗਰੂਕਤਾ ਸਭਾਵਾਂ ਹੋ ਰਹੀਆਂ ਹਨ ਜਿਸ ਵਿੱਚ ਵੱਡੀ ਗਿਣਤੀ ਵਿੱਚ ਵਿਲੇਜ/ਵਾਰਡ ਡਿਫੈਂਸ ਕਮੇਟੀਆਂ ਦੇ ਨੁਮਾਇੰਦੇ ਅਤੇ ਆਮ ਲੋਕ ਭਾਗ ਲੈ ਰਹੇ ਹਨ ਬੀਤੀ ਸ਼ਾਮ ਵਿਧਾਨ ਸਭਾ ਹਲਕਾ ਗੁਰਦਾਸਪੁਰ ਦੇ ਪਿੰਡ ਦਿਓਲ, ਕਾਲਾ ਨੰਗਲ, ਚੱਕ ਆਰੀਆ ਅਤੇ ਮਸੀਤ ਵਿਖੇ ਜਾਗਰੂਕਤਾ ਸਭਾਵਾਂ ਕੀਤੀਆਂ ਗਈਆਂ। ਇਨ੍ਹਾਂ ਜਨਤਕ ਸਭਾਵਾਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਨਸ਼ਾ ਮੁਕਤੀ ਯਾਤਰਾ ਦਾ ਉਦੇਸ਼ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਦੀ ਲਪੇਟ ਤੋਂ ਬਾਹਰ ਕੱਢਣਾ ਅਤੇ ਉਨ੍ਹਾਂ ਨੂੰ ਰੌਸ਼ਨ ਭਵਿੱਖ ਵੱਲ ਲਿਜਾਣਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਦੇ ਖ਼ ?ਲਾਫ਼ ਜੰਗ ਨੂੰ ਪੂਰੀ ਗੰਭੀਰਤਾ ਨਾਲ ਲੜ ਰਹੀ ਹੈ ਅਤੇ ਇਸ ਦੇ ਲਈ ਜ਼ਮੀਨੀ ਪੱਧਰ ਤੇ ਜਾਗਰੂਕਤਾ ਫੈਲਾਉਣਾ ਬਹੁਤ ਜ਼ਰੂਰੀ ਹੈ ਉਨ੍ਹਾਂ ਪਿੰਡ ਵਾਸੀਆਂ, ਖ਼ਾਸਕਰ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਮਾਜ ਨੂੰ ਵੀ ਇਸ ਬੁਰਾਈ ਤੋਂ ਮੁਕਤ ਕਰਵਾਉਣ ਵਿੱਚ ਸਰਗਰਮ ਭੂਮਿਕਾ ਨਿਭਾਉਣ। ਇਸ ਦੌਰਾਨ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਗਿਆ ਅਤੇ ਨਾਲ ਹੀ ਹਾਜ਼ਰੀਨ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਹੋਣ ਦੀ ਸਹੁੰ ਵੀ ਚੁਕਾਈ ਗਈ।



# ਮੁਖਦੇਵ ਸਿੰਘ ਆਲੋਵਾਲ - ਜੀ ਨੂੰ ਮਿਡੀਆ ਇਨਚਾਰਜ ਲਗਨ ਤੇ ਰਾਜੀਵ ਸ਼ਰਮਾ ਨੇ ਆਪਣੇ ਦਫ਼ਤਰ ਬੁਲਾ ਕੇ ਸਨਮਾਨਿਤ ਕੀਤਾ

## ਚੇਅਰਮੈਨ ਨਗਰ ਸੁਧਾਰ ਟਰੱਸਟ ਅਤੇ ਲੋਕ ਸਭਾ ਇੰਨਚਾਰਜ ਗੁਰਦਾਸਪੁਰ ਰਾਜੀਵ ਸ਼ਰਮਾ ਜੀ ਨੇ ਆਪਣੇ ਦਫਤਰ ਬੁਲਾ ਕੇ -ਮੁਖਦੇਵ ਸਿੰਘ ਨੂੰ ਵਧਾਈ ਦਿੱਤੀ


ਗੁਰਦਾਸਪੁਰ ( ਜਸਵਿੰਦਰ ਸਿੰਘ ) ਅੱਜ ਪਾਰਟੀ ਦੇ ਸਾਥੀ ਮੁਖਦੇਵ ਸਿੰਘ ਆਲੋਵਾਲ ਜੀ ਨੂੰ ਜ਼ਿਲ੍ਹਾ ਮੀਡੀਆ ਇੰਚਾਰਜ ਲੱਗਣ ਤੇ ਚੇਅਰਮੈਨ ਨਗਰ ਸੁਧਾਰ ਟਰੱਸਟ ਅਤੇ ਲੋਕ ਸਭਾ ਇੰਨਚਾਰਜ ਗੁਰਦਾਸਪੁਰ ਰਾਜੀਵ ਸ਼ਰਮਾ ਜੀ ਨੇ ਆਪਣੇ ਦਫਤਰ ਬੁਲਾ ਕੇ ਸਨਮਾਨਿਤ ਕੀਤਾ ਮੁੱਖਦੇਵ ਸਿੰਘ ਆਲੋਵਾਲ ਨੂੰ ਆਮ ਆਦਮੀ ਪਾਰਟੀ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦਾ ਮੀਡੀਆ ਇੰਚਾਰਜ ਨਿਯੁਕਤ ਕਰਨ ਤੇ ਉਨ੍ਹਾਂ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੈਂ ਸਮੁੱਚੀ ਪਾਰਟੀ ਹਾਈ ਕਮਾਨ ਪਾਰਟੀ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ ,ਪੰਜਾਬ ਪ੍ਰਭਾਰੀ ਸ੍ਰੀ ਮੁਨੀਸ਼ ਸਿਸੋਦੀਆ ਜੀ, ਮੁੱਖ ਮੰਤਰੀ ਪੰਜਾਬ ਸ: ਭਗਵੰਤ ਮਾਨ ਜੀ, ਪਾਰਟੀ ਪ੍ਰਧਾਨ ਅਮਨ ਅਰੋੜਾ ਜੀ, ਵਰਕਿੰਗ ਪ੍ਰਧਾਨ ਅਮਨ ਸ਼ੇਰ ਸਿੰਘ ਸ਼ੈਰੀ ਕਲਸੀ ਜੀ, ਲੋਕ ਸਭਾ ਗੁਰਦਾਸਪੁਰ ਦੇ ਇੰਚਾਰਜ ਰਾਜੀਵ ਸ਼ਰਮਾ ਜੀ, ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਜੀ, ਅਤੇ ਸਮੁੱਚੀ ਜ਼ਿਲ੍ਹਾ ਲੀਡਰਸ਼ਿਪ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਅਤੇ ਵਿਸ਼ਵਾਸ ਦਿਵਾਉਂਦਾ ਹਾਂ ਕਿ ਦਿੱਤੀ ਗਈ ਨਵੀਂ ਜ਼ਿੰਮੇਵਾਰੀ ਨੂੰ ਤਨ ਮਨ ਨਾਲ ਨਿਭਾਵਾਂਗਾ ਇਸ ਮੌਕੇ ਤੇ ਕਸ਼ਮੀਰ ਸਿੰਘ ਵਾਲਾ ਜੀ ਡਾਇਰੈਕਟਰ ਪੰਜਾਬ ਸਟੇਟ ਇੰਡਸਟਰੀ ਡਿਵੈਲਪਮੈਂਟ ਕਾਰਪੋਰੇਸ਼ਨ ਲਿਮਿਟਡ, ਬਲਜੀਤ ਸਿੰਘ ਖ਼ਾਲਸਾ ਚੇਅਰਮੈਨ ਮਾਰਕੀਟ ਕਮੇਟੀ ਦੀਨਾਨਗਰ, ਰਣਜੀਤ ਸਿੰਘ ਪਾੜਾ, ਆਸ਼ੂ ਰੰਧਾਵਾ, ਐਸ ਐਮ ਰੰਧਾਵਾ, ਸੋਨੂ ਦਿਓਲ, ਰਜਨੀਸ਼ ਬੈਂਸ, ਐਸ ਕੁਮਾਰ, ਹਰਦਿਆਲ ਸਿੰਘ, ਸਾਹਿਬ ਕੌਰ, ਪਵਨ ਕੁਮਾਰ,ਕਨੌਜੀਆ ਅਤੇ ਹੋਰ ਪਾਰਟੀ ਦੇ ਸਾਥੀ ਹਾਜ਼ਰ ਸਨ




# ਪ੍ਰੀਖਿਆ ਪ੍ਰਣਾਲੀ ਜਾਂ 'ਸਮਾਜਿਕ ਉਲਝਣ ?'

ਵਿਜੈ ਗਰਗ

ਸਿੱਖਿਆ ਨੂੰ ਰਾਸ਼ਟਰ ਨਿਰਮਾਣ ਦੀ ਨੀਂਹ ਕਿਹਾ ਜਾਂਦਾ ਰਿਹਾ ਹੈ। ਇਹ ਗਿਆਨ, ਬੁੱਧੀ, ਰਚਨਾਤਮਕਤਾ ਅਤੇ ਵਿਅਕਤੀ ਦੇ ਸ਼ਖ਼ਸੀਅਤ ਵਿਕਾਸ ਦਾ ਮਾਧਿਅਮ ਰਿਹਾ ਹੈ। ਪਰ ਅੱਜ ਇਹ ਉਦੇਸ਼ ਪਿੱਛੇ ਰਹਿ ਗਿਆ ਹੈ। ਸਿੱਖਿਆ ਹੁਣ ਇੱਕ 'ਅੰਕ ਉਦਯੋਗ' ਵਿੱਚ ਬਦਲ ਗਈ ਹੈ, ਜਿੱਥੇ ਅੰਕ ਗਿਆਨ ਦੀ ਬਜਾਏ ਸਫਲਤਾ ਦਾ ਸਮਾਨਾਰਥੀ ਬਣ ਗਏ ਹਨ। ਹੁਣ ਇਹ ਨਾ ਤਾਂ ਚਰਿੱਤਰ ਨਿਰਮਾਣ ਦਾ ਸਾਧਨ ਹੈ ਅਤੇ ਨਾ ਹੀ ਸਮਾਜਿਕ ਚੇਤਨਾ ਦਾ ਸਾਧਨ। ਇਹ ਇੱਕ ਸ਼ੋਸ਼ਣ ਵਿਧੀ ਬਣ ਗਈ ਹੈ ਜੋ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਅੰਕਾਂ ਦੀ ਦੌੜ ਦੇ ਇੱਕ ਗੈਰ-ਸਿਹਤਮੰਦ ਮੁਕਾਬਲੇ ਵਿੱਚ ਧੱਕਦੀ ਹੈ। ਜੇਕਰ ਅਸੀਂ ਤਾਜ਼ਾ ਅੰਕੜਿਆਂ 'ਤੇ ਨਜ਼ਰ ਮਾਰੀਏ ਤਾਂ ਇਸ ਵਾਰ ਸੀਬੀਐਸਈ 10ਵੀਂ ਦੀ ਪ੍ਰੀਖਿਆ ਵਿੱਚ 45,516 ਵਿਦਿਆਰਥੀਆਂ ਨੇ 95 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਕਿ ਕੁੱਲ ਪ੍ਰੀਖਿਆਰਥੀਆਂ ਦਾ ਲਗਭਗ 1.92 ਪ੍ਰਤੀਸ਼ਤ ਹੈ। ਇਸ ਦੇ ਨਾਲ ਹੀ 1,99,944 ਵਿਦਿਆਰਥੀਆਂ ਨੇ 90 ਪ੍ਰਤੀਸ਼ਤ ਤੋਂ ਵੱਧ ਅੰਕ ਪ੍ਰਾਪਤ ਕੀਤੇ, ਜੋ ਕਿ 8.43 ਪ੍ਰਤੀਸ਼ਤ ਦੇ ਨੇੜੇ ਹੈ। ਇਹ ਕੋਈ ਅਪਵਾਦ ਨਹੀਂ ਹੈ, ਇਹ ਅੰਕੜਾ ਹਰ ਸਾਲ ਵੱਧ ਰਿਹਾ ਹੈ। ਪਰ ਜਦੋਂ ਇਨ੍ਹਾਂ ਅੰਕਾਂ ਦੀ ਅਸਲੀਅਤ ਜਾਣਨ ਲਈ ਉੱਤਰ ਪੱਤਰੀਆਂ ਦੀ ਜਾਂਚ ਕਰਨ ਵਾਲੇ ਅਧਿਆਪਕਾਂ ਅਤੇ ਮੁਲਾਂਕਣ ਪ੍ਰਣਾਲੀ 'ਤੇ ਸਵਾਲ ਉਠਾਏ ਜਾਂਦੇ ਹਨ, ਤਾਂ ਪ੍ਰਣਾਲੀ ਚੁੱਪ ਹੋ ਜਾਂਦੀ ਹੈ। ਇਹ ਸਾਜ਼ਿਸ਼ ਰਚ ਕੇ ਪੈਦਾ ਕੀਤਾ ਗਿਆ ਭੰਬਲਭੂਸੇ ਦਾ ਜਾਲ ਹੈ, ਜੋ ਸਿੱਖਿਆ ਨੂੰ ਸਿਹਤਮੰਦ ਮੁਕਾਬਲੇ ਦੀ ਬਜਾਏ ਇੱਕ ਨਕਲੀ ਦੌੜ ਵਿੱਚ ਬਦਲ ਰਿਹਾ ਹੈ। ਸਿੱਖਿਆ ਦੇ ਇਸ ਵਪਾਰੀਕਰਨ ਦੀ ਡੂੰਘਾਈ ਨੂੰ ਸਮਝਣ ਲਈ, ਇਹ ਦੇਖਣਾ ਜ਼ਰੂਰੀ ਹੈ ਕਿ ਇਹ ਸਭ ਕਿਸ ਢਾਂਚੇ ਵਿੱਚ ਚੱਲ ਰਿਹਾ ਹੈ। 2019 ਵਿੱਚ CBSE ਦੁਆਰਾ ਮਾਨਤਾ ਪ੍ਰਾਪਤ ਕੁੱਲ 22,030 ਸਕੂਲਾਂ ਵਿੱਚੋਂ, ਲਗਭਗ 80 ਪ੍ਰਤੀਸ਼ਤ ਸਕੂਲ ਨਿੱਜੀ ਖੇਤਰ ਦੇ ਅਧੀਨ ਆਉਂਦੇ ਹਨ। ਇਸ ਅੰਕੜੇ ਵਿੱਚ ਸਿਰਫ਼ 1,138 ਕੇਂਦਰੀ ਵਿਦਿਆਲਯ, 2,727 ਸਰਕਾਰੀ ਸਕੂਲ, 598 ਨਵੋਦਿਆ ਵਿਦਿਆਲਯ ਅਤੇ 14 ਤਿੱਬਤੀ ਸਕੂਲ ਸ਼ਾਮਲ ਹਨ, ਜਦੋਂ ਕਿ ਬਾਕੀ 17,553 ਨਿੱਜੀ ਸਕੂਲ ਹਨ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਸਿੱਖਿਆ ਦਾ ਇੱਕ ਵੱਡਾ ਹਿੱਸਾ ਨਿੱਜੀਕਰਨ ਦੇ ਦਬਾਅ ਹੇਠ ਹੈ, ਜਿੱਥੇ ਨਤੀਜਿਆਂ ਦੀ ਗਿਣਤੀ ਮਾਇਨੇ ਰੱਖਦੀ ਹੈ, ਸਿੱਖਿਆ ਦੀ ਗੁਣਵੱਤਾ ਨਹੀਂ, ਅਤੇ ਜਦੋਂ ਇਹ 'ਅੰਕਵੀਰ' ਵਿਦਿਆਰਥੀ UPSC, JEE ਜਾਂ NEET ਵਰਗੀਆਂ ਰਾਸ਼ਟਰੀ ਪ੍ਰਤੀਯੋਗੀ ਪ੍ਰੀਖਿਆਵਾਂ ਵਿੱਚ ਪਹੁੰਚਦੇ ਹਨ, ਤਾਂ ਉਨ੍ਹਾਂ ਦੀ ਅਸਲ ਯੋਗਤਾ ਸਾਹਮਣੇ ਆਉਂਦੀ ਹੈ। ਉਦਾਹਰਣ ਵਜੋਂ, UPSC ਸਿਵਲ ਸੇਵਾਵਾਂ ਪ੍ਰੀਖਿਆ 2019 ਵਿੱਚ ਲਗਭਗ 11.35 ਲੱਖ ਉਮੀਦਵਾਰਾਂ ਨੇ ਅਰਜ਼ੀ ਦਿੱਤੀ ਸੀ, ਜਿਨ੍ਹਾਂ ਵਿੱਚੋਂ ਸਿਰਫ਼ 11,474 ਵਿਦਿਆਰਥੀ ਹੀ ਮੁੱਖ ਪ੍ਰੀਖਿਆ ਵਿੱਚ ਪਹੁੰਚ ਸਕੇ। ਇਹੀ ਸਥਿਤੀ ਸਾਲ 2024 ਵਿੱਚ ਵੀ ਰਹੀ। ਇਸ ਸਾਲ, ਲਗਭਗ 13.4 ਲੱਖ ਵਿਦਿਆਰਥੀਆਂ ਵਿੱਚੋਂ, ਸਿਰਫ਼ 14,627 ਉਮੀਦਵਾਰ ਮੁੱਖ ਪ੍ਰੀਖਿਆ ਵਿੱਚ ਪਹੁੰਚੇ। ਇਸਦਾ ਮਤਲਬ ਹੈ ਕਿ ਬੋਰਡ ਪ੍ਰੀਖਿਆਵਾਂ ਵਿੱਚ ਉੱਚ ਅੰਕ ਪ੍ਰਾਪਤ ਕਰਨ ਵਾਲੇ ਪ੍ਰੀਲਿਮ ਦੇ ਪਹਿਲੇ ਟੈਸਟ ਵਿੱਚ ਹੀ ਫੇਲ੍ਹ ਹੋ ਜਾਂਦੇ ਹਨ। ਇਹ ਦਰਸਾਉਂਦਾ ਹੈ ਕਿ ਬੋਰਡ ਪ੍ਰੀਖਿਆਵਾਂ ਵਿੱਚ ਉੱਚ ਅੰਕ ਬੌਧਿਕ ਯੋਗਤਾ ਜਾਂ ਵਿਸ਼ੇ ਦੀ ਸਮਝ ਦਾ ਮਾਪ ਨਹੀਂ ਹਨ। ਇਹ ਮੁਲਾਂਕਣ ਪ੍ਰਣਾਲੀ ਰੱਟੇਬਾਜ਼ੀ, ਸਥਿਰ ਉੱਤਰਾਂ ਅਤੇ ਸਜਾਵਟੀ ਭਾਸ਼ਾ 'ਤੇ ਅਧਾਰਤ ਹੈ, ਜਿਸ ਵਿੱਚ ਅਸਲੀ ਸੋਚ ਅਤੇ ਵਿਸ਼ਲੇਸ਼ਣ ਲਈ ਕੋਈ ਜਗ ?ਹਾ ਨਹੀਂ ਹੈ। ਇਹ ਸਮੱਸਿਆ ਸਿਰਫ਼ ਸਕੂਲੀ ਸਿੱਖਿਆ ਤੱਕ ਹੀ ਸੀਮਤ ਨਹੀਂ ਹੈ, ਸਗੋਂ ਇਹ ਮਾਨਸਿਕਤਾ ਪੂਰੇ ਉੱਤਰੀ ਭਾਰਤ ਦੇ ਵਿਦਿਅਕ ਮਾਹੌਲ ਵਿੱਚ ਪ੍ਰਚਲਿਤ ਹੈ। ਸਕੂਲਾਂ ਵਿੱਚ ਸਿੱਖਿਆ ਦਾ ਉਦੇਸ਼ ਹੁਣ ਗਿਆਨ ਦੇਣਾ ਨਹੀਂ ਹੈ, ਸਗੋਂ ਚੰਗੇ ਨਤੀਜਿਆਂ ਰਾਹੀਂ ਸਕੂਲ ਨੂੰ ਸ਼ਾਨ ਪ੍ਰਦਾਨ ਕਰਨਾ ਹੈ। ਇਸ ਦੇ ਉਲਟ, ਦੱਖਣੀ ਭਾਰਤ ਦੀ ਤਸਵੀਰ ਮੁਕਾਬਲਤਨ ਬਿਹਤਰ ਹੈ। ਉੱਥੋਂ ਦੇ ਮਾਪੇ ਸਿੱਖਿਆ ਨੂੰ ਸਿਰਫ਼ ਅੰਕ ਪ੍ਰਾਪਤ ਕਰਨ ਦੇ ਸਾਧਨ ਵਜੋਂ ਹੀ ਨਹੀਂ, ਸਗੋਂ ਸ਼ਖ਼ਸੀਅਤ ਵਿਕਾਸ ਅਤੇ ਹੁਨਰ ਨਿਰਮਾਣ ਵਜੋਂ ਵੀ ਦੇਖਦੇ ਹਨ। ਇਹੀ ਕਾਰਨ ਹੈ ਕਿ ਤਾਮਿਲਨਾਡੂ, ਕੇਰਲ, ਕਰਨਾਟਕ ਵਰਗੇ ਰਾਜਾਂ ਦੇ ਵਿਦਿਆਰਥੀ ਰਾਸ਼ਟਰੀ ਪ੍ਰੀਖਿਆਵਾਂ ਵਿੱਚ ਲਗਾਤਾਰ ਬਿਹਤਰ ਪ੍ਰਦਰਸ਼ਨ ਕਰਦੇ ਹਨ। ਉੱਥੋਂ ਦੀ ਸਿੱਖਿਆ ਪ੍ਰਣਾਲੀ ਵਿੱਚ, ਨਾ ਸਿਰਫ਼ ਨਤੀਜੇ ਨੂੰ ਮਹੱਤਵ ਦਿੱਤਾ ਜਾਂਦਾ ਹੈ, ਸਗੋਂ ਸੋਚਣ ਅਤੇ ਸਮਝਣ ਦੀ ਯੋਗਤਾ, ਵਿਹਾਰਕਤਾ ਅਤੇ ਨਵੀਨਤਾ ਨੂੰ ਵੀ ਮਹੱਤਵ ਦਿੱਤਾ ਜਾਂਦਾ ਹੈ। ਉੱਤਰੀ ਭਾਰਤ ਦੇ ਜ਼ਿਆਦਾਤਰ ਸਕੂਲਾਂ ਵਿੱਚ, ਸਿੱਖਿਆ ਹੁਣ ਗਾਈਡਬੁੱਕਾਂ, ਮਾਡਲ ਪੇਪਰਾਂ ਅਤੇ ਸਮਾਰਟ ਉੱਤਰਾਂ 'ਤੇ ਅਧਾਰਤ ਹੈ। ਅਧਿਆਪਕ ਵੀ ਸਿਰਫ਼ ਨਤੀਜਾ ਸਥਿਤੀ ਨਾਲ ਪੜ੍ਹਾਉਂਦੇ ਹਨ, ਕਿਉਂਕਿ ਉਨ੍ਹਾਂ ਦੇ ਮੁਲਾਂਕਣ ਦਾ ਆਧਾਰ ਵੀ ਬੱਚਿਆਂ ਦੇ ਅੰਕ ਬਣ ਗਏ ਹਨ। ਇਸਦਾ ਸਭ ਤੋਂ ਵੱਡਾ ਮਾੜਾ ਪ੍ਰਭਾਵ ਬੱਚਿਆਂ ਦੀ ਮਾਨਸਿਕ ਸਥਿਤੀ 'ਤੇ ਪੈਂਦਾ ਹੈ। ਅੰਕਾਂ ਦੀ ਦੌੜ ਵਿੱਚ, ਬੱਚਿਆਂ ਵਿੱਚ ਉਦਾਸੀ, ਖੁਦਕੁਸ਼ੀ ਦੀਆਂ ਪ੍ਰਵਿਰਤੀਆਂ, ਹੀਣ ਭਾਵਨਾ ਅਤੇ ਮਾਨਸਿਕ ਤਣਾਅ ਵਧ ਰਿਹਾ ਹੈ। ਸਿੱਖਿਆ ਹੁਣ ਗਿਆਨ ਪ੍ਰਾਪਤ ਕਰਨ ਦਾ ਸਾਧਨ ਨਹੀਂ ਰਹੀ ਸਗੋਂ ਇੱਕ ਅਜਿਹੀ ਦੌੜ ਬਣ ਗਈ ਹੈ ਜਿਸ ਵਿੱਚ ਸਭ ਤੋਂ ਤੇਜ਼ ਦੌੜਾਕ ਨੂੰ ਜੇਤੂ ਮੰਨਿਆ ਜਾਂਦਾ ਹੈ।



**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**

# ਆਪਣੀ ਮਾਂ ਬੋਲੀ ਤੋਂ ਉਮੀਦ

ਵਿਜੈ ਗਰਗ

ਭਾਵੇਂ ਜਨਤਕ ਸਮਰਥਨ ਗੁਆ ਰਹੇ ਸਿਆਸਤਦਾਨ ਆਪਣੀ ਰਾਜਨੀਤੀ ਨੂੰ ਰੌਸ਼ਨ ਕਰਨ ਲਈ ਨਵੀਂ ਸਿੱਖਿਆ ਨੀਤੀ ਦੇ ਤਿੰਨ ਭਾਸ਼ਾਈ ਫਾਰਮੂਲੇ ਦਾ ਵਿਰੋਧ ਕਰ ਰਹੇ ਹਨ, ਪਰ ਇਸ ਦਿਸ਼ਾ ਵਿੱਚ ਕੀਤੇ ਗਏ ਨਵੇਂ ਪ੍ਰਯੋਗ ਵੀ ਉਮੀਦ ਦੀ ਇੱਕ ਨਵੀਂ ਕਿਰਨ ਲਿਆ ਰਹੇ ਹਨ। ਇਹ ਇੱਕ ਨਿਰਵਿਵਾਦ ਸੱਚਾਈ ਹੈ ਕਿ ਇੱਕ ਬੱਚਾ ਆਪਣੀ ਮਾਤ ਭਾਸ਼ਾ ਵਿੱਚ ਓਨੀ ਆਸਾਨੀ ਅਤੇ ਸਹਿਜਤਾ ਨਾਲ ਸਿੱਖ ਸਕਦਾ ਹੈ ਜਿੰਨੀ ਉਹ ਕਿਸੇ ਵੀ ਥੋਪੀਆਂ ਗਈਆਂ ਭਾਸ਼ਾਵਾਂ ਵਿੱਚ ਨਹੀਂ ਸਿੱਖ ਸਕਦਾ। ਬਹੁਤ ਸਾਰੇ ਸਿੱਖਿਆ ਸ਼ਾਸਤਰੀਆਂ ਅਤੇ ਭਾਸ਼ਾ ਵਿਗਿਆਨੀਆਂ ਦਾ ਮੰਨਣਾ ਹੈ ਕਿ ਰੋਜ਼ਾਨਾ ਜੀਵਨ ਅਤੇ ਵਾਤਾਵਰਣ ਗਿਆਨ ਵਿੱਚ ਵਰਤੇ ਜਾਣ ਵਾਲੇ ਸ਼ਬਦ ਵਿਦਿਆਰਥੀਆਂ ਨੂੰ ਜਲਦੀ ਸਿੱਖਣ ਵਿੱਚ ਮਦਦ ਕਰ ਸਕਦੇ ਹਨ। ਦੇਸ਼ ਵਿੱਚ 121 ਤੋਂ ਵੱਧ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ। ਇਸ ਦੇ ਨਾਲ ਹੀ, ਮਾਤ ਭਾਸ਼ਾਵਾਂ ਦੀ ਗਿਣਤੀ ਸੋਲਾਂ ਤੋਂ ਵੱਧ ਹੈ। ਇੰਨੀ ਉੱਚ ਭਾਸ਼ਾਈ ਵਿਭਿੰਨਤਾ ਵਾਲੇ ਦੇਸ਼ ਵਿੱਚ, ਜਦੋਂ ਬੱਚੇ ਆਪਣੇ ਆਲੇ ਦੁਆਲੇ ਜੋ ਦੇਖਦੇ ਅਤੇ ਮਹਿਸੂਸ ਕਰਦੇ ਹਨ, ਤਾਂ ਇਹ ਉਨ੍ਹਾਂ ਦੀਆਂ ਯਾਦਾਂ ਵਿੱਚ ਸਥਾਈ ਤੌਰ 'ਤੇ ਵੱਸ ਜਾਂਦਾ ਹੈ। ਜਦੋਂ ਇਹ ਚੀਜ਼ਾਂ ਉਨ੍ਹਾਂ ਦੇ ਵਿਦਿਅਕ ਪਾਠਕ੍ਰਮ ਦਾ ਹਿੱਸਾ ਬਣ ਜਾਂਦੀਆਂ ਹਨ, ਤਾਂ ਉਹ ਇਸਨੂੰ ਆਸਾਨੀ ਨਾਲ ਅਪਣਾ ਲੈਂਦੇ ਹਨ। ਕਈ ਸਿੱਖਿਆ ਕਮਿਸ਼ਨਾਂ ਨੇ ਵੀ ਇਸਦੀ ਵਕਾਲਤ ਕੀਤੀ ਹੈ। ਇਸ ਸੋਚ ਕਾਰਨ, ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਤਿੰਨ ਭਾਸ਼ਾਈ ਫਾਰਮੂਲੇ ਨੂੰ ਲੈ ਕੇ ਕਈ ਪ੍ਰਯੋਗ ਕੀਤੇ ਜਾ ਰਹੇ ਹਨ। ਇਸ ਰਚਨਾਤਮਕ ਪਹਿਲਕਦਮੀ ਦੇ ਸਕਾਰਾਤਮਕ ਨਤੀਜੇ ਵੀ ਸਾਹਮਣੇ ਆਏ ਹਨ। ਜਿਸ ਦੇ ਨਤੀਜੇ ਦਰਸਾਉਂਦੇ ਹਨ ਕਿ ਮਾਤ ਭਾਸ਼ਾ ਵਿੱਚ ਪੜ੍ਹਾਈ ਕਰਨ ਨਾਲ ਬੱਚਿਆਂ ਦੀ ਸਿੱਖਣ ਦੀ ਗਤੀ ਵਧੀ ਹੈ। ਇਸ ਨਾਲ ਸਾਖਰਤਾ ਦਰ ਵਿੱਚ ਸਕਾਰਾਤਮਕ ਬਦਲਾਅ ਆਇਆ ਹੈ। ਇੰਨਾ ਹੀ ਨਹੀਂ, ਇਸ ਨਾਲ ਜਿੱਥੇ ਵਿਦਿਆਰਥੀਆਂ ਦਾ ਆਤਮਵਿਸ਼ਵਾਸ ਵਧਿਆ ਹੈ, ਉੱਥੇ ਹੀ ਕਲਾਸ ਵਿੱਚ ਉਨ੍ਹਾਂ ਦੀ ਭਾਗੀਦਾਰੀ ਵੀ ਵਧੀ ਹੈ। ਸਹੀ ਅਰਥਾਂ ਵਿੱਚ, ਨਵੀਂ ਸਿੱਖਿਆ ਨੀਤੀ ਵਿੱਚ ਤਿੰਨ ਭਾਸ਼ਾਈ ਫਾਰਮੂਲੇ ਦਾ ਉਦੇਸ਼ ਵੀ ਇਹੀ ਰਿਹਾ ਹੈ। ਪਿਛਲੇ ਤਜਰਬੇ ਦਰਸਾਉਂਦੇ ਹਨ ਕਿ ਜਦੋਂ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਮਾਤ ਭਾਸ਼ਾ ਤੋਂ ਇਲਾਵਾ ਕਿਸੇ ਹੋਰ ਭਾਸ਼ਾ ਵਿੱਚ ਪੜ੍ਹਾਇਆ ਜਾਂਦਾ ਹੈ, ਤਾਂ ਇਹ ਉਨ੍ਹਾਂ ਦੀ ਸਿੱਖਣ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਦਾ ਹੈ। ਅਜਿਹੀ ਸਥਿਤੀ ਵਿੱਚ, ਦੂਰ-ਦੁਰਾਡੇ ਪਿੰਡਾਂ ਜਾਂ ਕਬਾਇਲੀ ਖੇਤਰਾਂ ਤੋਂ ਆਉਣ ਵਾਲੇ ਵਿਦਿਆਰਥੀ ਦੂਜੇ ਸ਼ਹਿਰੀ ਬੱਚਿਆਂ ਨਾਲ ਮੁਕਾਬਲਾ ਕਰਨ ਵਿੱਚ ਅਸਫਲ ਰਹਿੰਦੇ ਹਨ। ਜਿਸ ਕਾਰਨ ਉਨ੍ਹਾਂ ਦੇ ਸਕੂਲ ਛੱਡਣ ਦੀ ਪ੍ਰਤੀਸ਼ਤਤਾ ਵੀ ਵਧਦੀ ਹੈ। ਮੌਜੂਦਾ ਸਥਿਤੀ ਵਿੱਚ, ਤਿੰਨ ਭਾਸ਼ਾਈ ਫਾਰਮੂਲੇ ਨਾਲ ਕੀਤੇ ਜਾ ਰਹੇ ਨਵੇਂ ਪ੍ਰਯੋਗ ਨਵੀਆਂ ਉਮੀਦਾਂ ਜਗਾ ਰਹੇ ਹਨ। ਲੈਂਗੂਏਜ ਐਂਡ ਲਰਨਿੰਗ ਫਾਊਂਡੇਸ਼ਨ ਨੇ ਛੱਤੀਸਗੜ੍ਹ, ਝਾਰਖੰਡ, ਰਾਜਸਥਾਨ ਅਤੇ ਓਡੀਸ਼ਾ ਦੇ 13 ਜ਼ਿਲ੍ਹਿਆਂ ਵਿੱਚ ਬੱਚਿਆਂ ਨੂੰ ਉਨ੍ਹਾਂ ਦੀ ਮਾਤ ਭਾਸ਼ਾ ਦੇ ਨਾਲ-ਨਾਲ ਉਨ੍ਹਾਂ ਦੀ ਰਾਜ ਭਾਸ਼ਾ ਅਤੇ ਅੰਗਰੇਜ਼ੀ ਵਿੱਚ




ਪੜ੍ਹਾਉਣ ਲਈ ਰਾਜ ਸਰਕਾਰਾਂ ਦੇ ਸਹਿਯੋਗ ਨਾਲ ਇੱਕ ਬਹੁ-ਭਾਸ਼ਾਈ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤਾ। ਇਸ ਨਾਲ ਨਾ ਸਿਰਫ਼ ਚੁਣੇ ਹੋਏ ਜ਼ਿਲ੍ਹਿਆਂ ਦੇ ਬੱਚਿਆਂ ਦੀ ਸਾਖਰਤਾ ਦਰ ਵਿੱਚ ਸੁਧਾਰ ਹੋਇਆ, ਸਗੋਂ ਹੋਰ ਭਾਸ਼ਾਵਾਂ ਸਿੱਖਣ ਵਿੱਚ ਉਨ੍ਹਾਂ ਦੀ ਦਿਲਚਸਪੀ ਵੀ ਵਧੀ। ਇੱਕ ਮਹੱਤਵਪੂਰਨ ਪ੍ਰਯੋਗ ਵਜੋਂ, ਪ੍ਰਾਇਮਰੀ ਕਲਾਸਾਂ ਵਿੱਚ ਸਥਾਨਕ ਭਾਸ਼ਾ, ਸੱਭਿਆਚਾਰਕ ਪਰੰਪਰਾਵਾਂ ਅਤੇ ਰਵਾਇਤੀ ਗਿਆਨ ਨੂੰ ਸ਼ਾਮਲ ਕਰਨ ਲਈ ਸਥਾਨਕ ਭਾਈਚਾਰਿਆਂ ਦੀ ਮਦਦ ਵੀ ਲਈ ਗਈ। ਜਿਸ ਵਿੱਚ ਸਥਾਨਕ ਵਾਤਾਵਰਣ ਵਿੱਚ ਪੈਦਾ ਹੋਣ ਵਾਲੀਆਂ ਲੋਕ ਕਹਾਣੀਆਂ, ਸਥਾਨਕ ਸੱਭਿਆਚਾਰ ਅਤੇ ਕਈ ਪੀੜ੍ਹੀਆਂ ਤੋਂ ਪ੍ਰਾਪਤ ਰਵਾਇਤੀ ਗਿਆਨ 'ਤੇ ਆਧਾਰਿਤ ਕਹਾਣੀਆਂ ਨੂੰ ਵੀ ਸ਼ਾਮਲ ਕੀਤਾ ਗਿਆ। ਬੱਚਿਆਂ ਨੂੰ ਪੜ੍ਹਾਈ ਵਿੱਚ ਦਿਲਚਸਪੀ ਰੱਖਣ ਲਈ, ਰਚਨਾਤਮਕਤਾ ਦੀ ਮਦਦ ਵੀ ਲਈ ਗਈ। ਜਿਸ ਵਿੱਚ ਮੌਖਿਕ ਸਿੱਖਿਆ ਪ੍ਰਣਾਲੀ ਦੀ ਵੀ ਵਰਤੋਂ ਕੀਤੀ ਗਈ। ਅਜਿਹੀ ਸਿੱਖਿਆ ਸਮੱਗਰੀ ਤਿਆਰ ਕੀਤੀ ਗਈ ਤਾਂ ਜੋ ਬੱਚੇ ਆਸਾਨੀ ਨਾਲ ਅਤੇ ਦਿਲਚਸਪੀ ਨਾਲ ਸਿੱਖ ਸਕਣ। ਉਦਾਹਰਣ ਵਜੋਂ, ਕਵਿਤਾ ਪੋਸਟਰ, ਕਹਾਣੀ ਪਾਤਰਾਂ ਦੀਆਂ ਤਸਵੀਰਾਂ, ਗੱਲਬਾਤ ਦਿਖਾਉਣ ਵਾਲੇ ਚਾਰਟ, ਸ਼ਬਦ ਕਾਰਡ, ਅੱਖਰ ਪੱਤਰ ਕਾਰਡ ਅਤੇ ਤਸਵੀਰਾਂ ਰਾਹੀਂ ਕਹਾਣੀਆਂ ਸੁਣਾਉਣ ਵਾਲੀਆਂ ਕਿਤਾਬਾਂ ਇਸ ਵਿੱਚ ਸ਼ਾਮਲ ਕੀਤੀਆਂ ਗਈਆਂ ਸਨ। ਜਿਸ ਨਾਲ ਵਿਦਿਆਰਥੀਆਂ ਵਿੱਚ ਸਿੱਖਿਆ ਪ੍ਰਤੀ ਦਿਲਚਸਪੀ ਪੈਦਾ ਹੋਈ ਅਤੇ ਉਹ ਆਸਾਨੀ ਨਾਲ ਸਿੱਖਣਾ ਸ਼ੁਰੂ ਕਰ ਦਿੱਤਾ। ਉਦਾਹਰਣ ਵਜੋਂ, ਛੱਤੀਸਗੜ੍ਹ ਦੇ ਬਸਤਰ ਖੇਤਰ ਵਿੱਚ ਜਿੱਥੇ ਪੰਜਾਹ ਪ੍ਰਤੀਸ਼ਤ ਬੱਚੇ ਹਲਬੀ ਬੋਲਦੇ ਸਨ, ਹਿੰਦੀ ਵਿੱਚ ਪੜ੍ਹਾਉਣ ਦੇ ਸਕਾਰਾਤਮਕ ਨਤੀਜੇ ਨਹੀਂ ਦਿਖਾਈ ਦੇ ਰਹੇ ਸਨ। ਇਸ ਖੇਤਰ ਵਿੱਚ, ਪ੍ਰਾਇਮਰੀ ਕਲਾਸਾਂ ਵਿੱਚ ਹਿੰਦੀ ਦੇ ਨਾਲ ਹਲਬੀ ਵੀ ਸਿਖਾਈ ਜਾਂਦੀ ਸੀ। ਇਸ ਵਿਦਿਅਕ ਪ੍ਰੋਗਰਾਮ ਨੂੰ ਲਾਗੂ ਕਰਨ ਤੋਂ ਬਾਅਦ, ਸਰਵੇਖਣ ਤੋਂ ਪਤਾ ਲੱਗਿਆ ਕਿ ਬਸਤਰ ਵਿੱਚ ਔਸਤਨ ਸਾਖਰਤਾ ਦਰ ਵਿੱਚ ਇੱਕਤੀ ਪ੍ਰਤੀਸ਼ਤ, ਅੰਕਾਂ ਵਿੱਚ ਪੱਚੀ ਪ੍ਰਤੀਸ਼ਤ ਅਤੇ ਵਰਣਮਾਲਾ ਦੀ ਪਛਾਣ ਵਿੱਚ ਛੱਬੀ ਪ੍ਰਤੀਸ਼ਤ ਦਾ ਸੁਧਾਰ ਹੋਇਆ ਹੈ। ਇਸ ਤੋਂ ਇਲਾਵਾ, ਮੌਖਿਕ ਪੜ੍ਹਨ ਵਿੱਚ ਚੌਦਾਂ ਪ੍ਰਤੀਸ਼ਤ ਦਾ ਸੁਧਾਰ ਹੋਇਆ ਹੈ। ਯਕੀਨਨ, ਇਸ ਨਵੀਨਤਾਕਾਰੀ ਪਹਿਲਕਦਮੀ ਨੇ ਦੇਸ਼ ਨੂੰ ਇੱਕ ਸੰਦੇਸ਼ ਦਿੱਤਾ ਕਿ ਮਾਤ ਭਾਸ਼ਾ ਵਿੱਚ ਪੜ੍ਹਾਉਣ ਨਾਲ, ਸਾਖਰਤਾ ਅਤੇ ਸਿੱਖਿਆ ਦੀ ਗੁਣਵੱਤਾ ਵਿੱਚ ਅਚਾਨਕ ਬਦਲਾਅ ਲਿਆਂਦੇ ਜਾ ਸਕਦੇ ਹਨ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**


# ਅੱਜ ਦੀ ਮਹੱਤਤਾ

**ਵਿਜੈ ਗਰਗ**

ਜਿਵੇਂ ਹੀ ਸਵੇਰੇ ਸੂਰਜ ਚੜ੍ਹਦਾ ਹੈ, ਸਾਰੇ ਪੰਛੀ ਚਹਿਕਣਾ ਸ਼ੁਰੂ ਕਰ ਦਿੰਦੇ ਹਨ ਅਤੇ ਜ਼ਿੰਦਗੀ ਆਪਣੇ ਸਫ਼ਰ 'ਤੇ ਨਿਕਲ ਪੈਂਦੀ ਹੈ। ਰਾਤ ਨੂੰ ਵੀ ਆਪਣੀ ਰੋਜ਼ੀ-ਰੋਟੀ ਲਈ ਕੰਮ ਕਰਨ ਵਾਲਿਆਂ ਨੂੰ ਛੱਡ ਕੇ, ਸਾਡੇ ਵਿੱਚੋਂ ਜ਼ਿਆਦਾਤਰ ਲੋਕ ਸ਼ਾਇਦ ਸਵੇਰੇ ਉੱਠਦੇ ਹਨ ਅਤੇ ਜਾਗਣ ਦੇ ਕੁਝ ਪਲਾਂ ਦੇ ਅੰਦਰ, ਸਾਡੇ ਹੱਥਾਂ ਵਿੱਚ ਆਪਣਾ ਮੋਬਾਈਲ ਦੁਬਾਰਾ ਹੁੰਦਾ ਹੈ। ਉਂਗਲਾਂ ਮਸ਼ੀਨੀ ਤੌਰ 'ਤੇ ਮੋਬਾਈਲ 'ਤੇ ਚੱਲਣ ਲੱਗਦੀਆਂ ਹਨ। ਇਸ ਦੇ ਨਾਲ, ਰੀਲ ਤੋਂ ਬਾਅਦ ਰੀਲ ਘੁੰਮਦੀ ਰਹਿੰਦੀ ਹੈ। ਕਦੇ ਕਾਮੇਡੀ, ਕਦੇ ਡਾਂਸ, ਕਦੇ ਅੱਧਾ-ਪੱਕਾ ਗਿਆਨ ਸਾਡੇ ਸਮੇਂ ਦੀ ਸੂਈ ਨੂੰ ਅੱਗੇ ਖਿੱਚਦਾ ਰਹਿੰਦਾ ਹੈ। ਆਰਾਮ ਕਰਨ ਵਿੱਚ ਮਗਨ ਮਨ ਕੱਲ੍ਹ ਦੀਆਂ ਆਦਤਾਂ ਨੂੰ ਦੁਹਰਾ ਰਿਹਾ ਹੈ, ਦੂਜੇ ਪਾਸੇ, ਕੱਲ੍ਹ ਦੀ ਉਦਾਸੀ ਅਤੇ ਘਬਰਾਹਟ ਦੀ ਸਥਿਤੀ ਅਚਾਨਕ ਸਾਡੇ ਸਾਹਮਣੇ ਆ ਜਾਂਦੀ ਹੈ। ਰਾਤ ਨੂੰ ਦੁਹਰਾਏ ਗਏ ਪ੍ਰੇਰਨਾਦਾਇਕ ਅਤੇ ਉਤਸ਼ਾਹ-ਪ੍ਰੇਰਨਾਦਾਇਕ ਸੰਕਲਪ ਕਿਤੇ ਗੁਆਚ ਜਾਂਦੇ ਹਨ। ਰੋਜ਼ਾਨਾ ਦੀਆਂ ਸਮੱਸਿਆਵਾਂ ਦਾ ਢੇਰ ਸਾਹਮਣੇ ਇੱਕ ਚੁਣੌਤੀ ਵਾਂਗ ਦਿਖਾਈ ਦੇਣ ਲੱਗਦਾ ਹੈ। ਇਹ ਜਾਪਦਾ ਹੈ ਕਿ ਸਿਰਫ਼ ਕੱਲ੍ਹ ਹੀ ਸੱਚ ਹੈ। ਜੋ ਅੱਜ ਹੈ ਉਹ ਝੂਠ ਹੈ। ਇਸ ਤੋਂ ਬਾਅਦ, ਸਾਨੂੰ ਆਪਣੇ ਅਤੀਤ ਤੋਂ ਸਿਰਫ਼ ਨਕਾਰਾਤਮਕ ਸੰਦੇਸ਼ ਹੀ ਮਿਲਦੇ ਹਨ। ਦੂਜੇ ਪਾਸੇ, ਲੋਕ ਪੁਰਾਣੀਆਂ ਯਾਦਾਂ ਕਾਰਨ ਸਾਨੂੰ ਗੰਭੀਰਤਾ ਨਾਲ ਨਹੀਂ ਲੈਂਦੇ, ਅਤੇ ਅਸੀਂ ਹੋਰ ਨਿਰਾਸ਼ ਹੋ ਜਾਂਦੇ ਹਾਂ। ਅਸੀਂ ਵਾਰ-ਵਾਰ ਆਪਣੀ ਜ਼ਿੰਦਗੀ ਬਦਲਣ ਦਾ ਸੰਕਲਪ ਲੈਂਦੇ ਹਾਂ, ਕਦੇ ਗੁੱਸੇ ਵਿੱਚ, ਕਦੇ ਉਤਸ਼ਾਹਜਨਕ ਚੀਜ਼ਾਂ ਨਾਲ ਭਰੇ ਹੋਏ, ਪਰ ਮਨ ਦੀ ਨਕਾਰਾਤਮਕ ਤਸਵੀਰ ਹਮੇਸ਼ਾ ਸਾਨੂੰ ਦੁਬਾਰਾ ਹਨੇਰੇ ਵਿੱਚ ਧੱਕਦੀ ਹੈ। ਫਿਰ ਮਨ ਆਸਾਨ ਅਤੇ ਭੱਜਣ ਵਾਲਾ ਰਸਤਾ ਚੁਣਦਾ ਹੈ, ਸਾਰੀਆਂ ਚੁਣੌਤੀਆਂ ਨੂੰ ਆਉਣ ਵਾਲੇ ਕੱਲ੍ਹ 'ਤੇ ਛੱਡ ਦਿੰਦਾ ਹੈ ਅਤੇ ਬੇਫਿਕਰ ਹੋ ਜਾਂਦਾ ਹੈ, ਜੋ ਸਾਡੀ ਜ਼ਿੰਦਗੀ ਵਿੱਚ ਕਦੇ ਨਹੀਂ ਆਇਆ ਅਤੇ ਨਾ ਹੀ ਕਦੇ



ਆਵੇਗਾ। ਮਨ ਕੀ ਕਰ ਸਕਦਾ ਹੈ? ਇਸਦਾ ਕੰਮ ਸਾਡੇ ਵਿਚਾਰਾਂ ਦੇ ਆਧਾਰ 'ਤੇ ਜ਼ਿੰਦਗੀ ਨੂੰ ਦਿਸ਼ਾ ਦੇਣਾ ਹੈ। ਦਰਅਸਲ, ਇਸ ਦੁਨੀਆਂ ਦੇ ਵਰਤਮਾਨ ਵਿੱਚ ਕੱਲ੍ਹ ਦਾ ਕੋਈ ਵਜੂਦ ਨਹੀਂ ਹੈ। ਜੋ ਵੀ ਹੁੰਦਾ ਹੈ, ਅੱਜ ਹੀ ਹੁੰਦਾ ਹੈ। ਬੁਰੀਆਂ ਆਦਤਾਂ ਅਤੇ ਆਲਸ ਵਿੱਚ ਫਸੇ ਰਹਿਣ ਕਾਰਨ, ਵਿਅਕਤੀ ਲਈ ਬਦਲਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ, ਸਖ਼ਤ ਮਿਹਨਤ ਕਰਨ ਵਿੱਚ ਮੁਸ਼ਕਲ ਆਉਂਦੀ ਹੈ। ਆਦਤ ਜੋ ਵੀ ਹੋਵੇ, ਚੰਗੀ ਜਾਂ ਮਾੜੀ, ਇਹ ਸਾਡੇ ਅੰਦਰ ਇੱਕ ਪੈਟਰਨ ਜਾਂ ਰਸਤਾ ਬਣਾਉਂਦੀ ਹੈ। ਜਿਵੇਂ ਹੀ ਸਮਾਨ ਪ੍ਰਕਿਰਤੀ ਦੀਆਂ ਸਮੱਸਿਆਵਾਂ ਆਉਂਦੀਆਂ ਹਨ, ਸਰੀਰ ਪੁਰਾਣੇ ਪੈਟਰਨ ਵਿੱਚ ਬਣੇ ਹੋਣ ਕਾਰਨ ਉਸੇ ਤਰ੍ਹਾਂ ਵਿਵਹਾਰ ਕਰਦਾ ਹੈ। ਜੇਕਰ ਇਹ ਆਲਸ ਨਾਲ ਭਰਿਆ ਹੋਇਆ ਹੈ, ਤਾਂ ਇਹ ਸਿਰਫ਼ ਆਲਸ ਦੇ ਨਿਰਦੇਸ਼ ਜਾਰੀ ਕਰਦਾ ਹੈ। ਜੇਕਰ ਇਹ ਗੁੱਸੇ ਨਾਲ ਭਰਿਆ ਹੋਇਆ ਹੈ, ਤਾਂ ਇਹ ਸਿਰਫ਼ ਗੁੱਸੇ ਵਿੱਚ ਹੀ ਵਿਵਹਾਰ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਲਈ, ਇੱਥੇ ਇੱਕ ਤੱਥ ਸਮਝਣ ਦੀ ਲੋੜ ਹੈ ਕਿ ਅੱਜ ਕੱਲ੍ਹ ਨਹੀਂ ਹੈ। ਕੱਲ੍ਹ, ਜੋ ਆਦਤਾਂ ਮਸ਼ੀਨੀ ਹੋਣ ਕਾਰਨ ਵਾਰ-ਵਾਰ ਦੁਹਰਾਈਆਂ ਜਾ ਰਹੀਆਂ ਸਨ, ਜ਼ਿੰਦਗੀ ਵਾਰ-ਵਾਰ ਨਕਾਰਾਤਮਕ ਪੈਮਾਨੇ 'ਤੇ ਚੱਲ ਰਹੀ ਸੀ, ਪਰ ਅੱਜ ਅਸੀਂ ਬਦਲਾਅ ਲਿਆਉਣ ਦੇ ਦ੍ਰਿੜ ਇਰਾਦੇ ਨਾਲ ਸ਼ੁਰੂਆਤ ਕੀਤੀ ਹੈ, ਕੁਝ ਨਵੀਆਂ ਸਕਾਰਾਤਮਕ ਆਦਤਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਇਸ ਲਈ ਉਨ੍ਹਾਂ ਨੂੰ ਪੂਰੀ ਸ਼ਰਧਾ ਅਤੇ ਸਮਰਪਣ ਨਾਲ ਸ਼ੁਰੂ ਕਰਨਾ ਚਾਹੀਦਾ ਹੈ। ਸ਼ੁਰੂਆਤ ਵਿੱਚ, ਬਹੁਤ ਮੁਸ਼ਕਲ ਆ ਸਕਦੀ ਹੈ। ਮਨ ਵਾਰ-ਵਾਰ ਉੱਥੋਂ ਭੱਜਣ ਲਈ ਕਹਿ ਸਕਦਾ ਹੈ। ਆਦਤ ਕਾਰਨ, ਸਰੀਰ ਵੀ ਵਾਰ-ਵਾਰ ਨਕਾਰਾਤਮਕ ਦਿਸ਼ਾ ਵਿੱਚ ਭੱਜੇਗਾ। ਪਰ ਅਸੀਂ ਇੱਕ ਮਜ਼ਬੂਤ ਇਰਾਦੇ ਨਾਲ ਖੜ੍ਹੇ ਹੋਵਾਂਗੇ ਅਤੇ ਨਾਲ ਹੀ ਦੁਹਰਾਵਾਂਗੇ ਕਿ ਅੱਜ ਸਾਰਿਆਂ ਤੋਂ ਵੱਖਰਾ ਹੈ, ਅੱਜ ਕੱਲ੍ਹ ਨਹੀਂ ਹੈ। ਜੋ ਜ਼ਿੰਦਗੀ ਅਸੀਂ ਕੱਲ੍ਹ ਨਕਾਰਾਤਮਕ ਆਦਤਾਂ ਦੇ ਪਰਛਾਵੇਂ ਹੇਠ ਜੀ ਰਹੇ ਸੀ, ਉਹ ਆਦਤ ਤੋਂ ਬਾਹਰ ਜੀਅ ਰਹੇ ਸੀ। ਅੱਜ ਅੱਜ ਹੈ। ਅੱਜ ਸਾਰਿਆਂ ਤੋਂ ਵੱਖਰਾ ਹੈ। ਵਗਦੀ ਗੰਗਾ ਦਾ ਪਾਣੀ ਵੀ ਕੱਲ੍ਹ ਵਰਗਾ ਨਹੀਂ ਹੈ। ਇਹ ਅੱਗੇ ਵਧਿਆ ਹੈ। ਨਵੇਂ ਪਾਣੀ ਨੇ ਵਹਾਅ ਵਿੱਚ ਆਪਣੀ ਜਗ ?ਹਾ ਲੈ ਲਈ ਹੈ। ਸੱਚ ਇਹ ਹੈ ਕਿ ਅੱਜ ਅਸੀਂ ਕੱਲ੍ਹ ਵਰਗੇ ਨਹੀਂ ਹਾਂ। ਸਾਡੇ ਅੰਦਰ ਇੱਕ ਮਜ਼ਬੂਤ ਦ੍ਰਿੜ ਇਰਾਦਾ ਉਭਰਿਆ ਹੈ। ਸਾਡੇ ਵਿਚਾਰਾਂ ਨੇ ਇੱਕ ਨਵੀਂ ਦਿਸ਼ਾ ਫੜ ਲਈ ਹੈ। ਅਸੀਂ ਸਕਾਰਾਤਮਕਤਾ ਦੇ ਰੱਥ 'ਤੇ ਸਵਾਰ ਹਾਂ। ਸਾਨੂੰ ਅੱਜ ਛੋਟੀਆਂ ਅਤੇ ਬਿਹਤਰ ਆਦਤਾਂ ਨੂੰ ਫੜ ਕੇ ਅੱਗੇ ਵਧਦੇ ਰਹਿਣਾ ਚਾਹੀਦਾ ਹੈ। ਕੱਲ੍ਹ ਦੀਆਂ ਨਕਾਰਾਤਮਕ ਯਾਦਾਂ ਕੁਝ ਮੁਸੀਬਤਾਂ ਪੈਦਾ ਕਰਨਗੀਆਂ। ਜਿਵੇਂ ਹੀ ਅਸੀਂ ਪੁਰਾਣੀ ਆਦਤ ਦੇ ਵਿਰੁੱਧ ਜਾਂਦੇ ਹਾਂ, ਮਨ ਬਹੁਤ ਵਿਰੋਧ ਕਰੇਗਾ। ਇਹ ਵਾਰ-ਵਾਰ ਮਹਿਸੂਸ ਕਰੇਗਾ ਕਿ ਅਤੀਤ ਸਭ ਤੋਂ ਵੱਡਾ ਸੱਚ ਹੈ। ਪਰ ਜਿਵੇਂ ਹੀ ਅਸੀਂ ਅੱਜ ਇੱਕ ਸੰਕਲਪ ਨਾਲ ਨਵੀਆਂ ਆਦਤਾਂ ਸ਼ੁਰੂ ਕਰਦੇ ਹਾਂ! ਕਈ ਵਾਰ ਅਸੀਂ ਆਪਣੇ ਮਨ ਨੂੰ ਬਹੁਤ ਮਜ਼ਬੂਤ ਸਮਝਦੇ ਹਾਂ ਕਿਉਂਕਿ ਅਸੀਂ ਆਪਣੇ ਆਪ ਨੂੰ ਨਹੀਂ ਬਦਲਦੇ, ਸਾਨੂੰ ਲੱਗਦਾ ਹੈ ਕਿ ਅਸੀਂ ਇਹ ਨਹੀਂ ਕਰ ਸਕਾਂਗੇ। ਸਾਡੀਆਂ ਨਕਾਰਾਤਮਕ ਆਦਤਾਂ ਬਹੁਤ ਮਜ਼ਬੂਤ ਹਨ। ਅਸੀਂ ਬਹੁਤ ਕਮਜ਼ੋਰ ਹਾਂ। ਕੱਲ੍ਹ ਦੀਆਂ ਪੁਰਾਣੀਆਂ ਯਾਦਾਂ ਹਮੇਸ਼ਾ ਸਾਡੇ ਮਨ ਵਿੱਚ ਨਿਰਾਸ਼ਾ ਪੈਦਾ ਕਰਨਗੀਆਂ। ਪੁਰਾਣੀਆਂ ਯਾਦਾਂ ਵਾਰ-ਵਾਰ ਇਹ ਸੰਦੇਸ਼ ਦੇਣਗੀਆਂ ਕਿ ਅਸੀਂ ਇਹ ਪਹਿਲਾਂ ਕਈ ਵਾਰ ਕੀਤਾ ਹੈ ਪਰ ਅਸੀਂ ਅਸਫਲ ਰਹੇ, ਪਰ ਅਸੀਂ ਭੁੱਲ ਜਾਂਦੇ ਹਾਂ ਕਿ ਅੱਜ ਅੱਜ ਹੈ। ਜੇਕਰ ਅਸੀਂ ਅੱਜ ਆਪਣੀ ਜ਼ਿੰਦਗੀ ਵਿੱਚ ਕੋਈ ਸਕਾਰਾਤਮਕ ਕਦਮ ਚੁੱਕਦੇ ਹਾਂ, ਤਾਂ ਇਸਦੀ ਸਫਲਤਾ ਪ੍ਰਾਪਤ ਕਰਨ ਦਾ ਮਾਪਦੰਡ ਕੱਲ੍ਹ ਨਹੀਂ ਹੈ। ਕੱਲ੍ਹ ਕਦੇ ਵੀ ਅੱਜ ਬਾਰੇ ਸਹੀ ਭਵਿੱਖਬਾਣੀ ਨਹੀਂ ਕਰ ਸਕਦਾ। ਅੱਜ ਸਭ ਤੋਂ ਮਹੱਤਵਪੂਰਨ ਹੈ। ਜੇਕਰ ਅਸੀਂ ਅੱਜ ਕੋਸ਼ਿਸ਼ ਕਰਦੇ ਹਾਂ, ਤਾਂ ਅਸੀਂ ਯਕੀਨੀ ਤੌਰ 'ਤੇ ਸਫਲਤਾ ਦੇ ਰਾਹ 'ਤੇ ਚੱਲਾਂਗੇ। ਸਾਨੂੰ ਸਿਰਫ਼ ਆਪਣੇ ਮਨ ਨੂੰ ਮਜ਼ਬੂਤ ਆਦੇਸ਼ ਦੇਣ ਦੀ ਲੋੜ ਹੈ। ਮਨ ਸਿਰਫ਼ ਸਾਡੇ ਨਿਰਦੇਸ਼ਾਂ 'ਤੇ ਕੰਮ ਕਰਦਾ ਹੈ, ਇਸ ਲਈ ਇਹ ਇੱਕ ਗੁਲਾਮ ਹੈ, ਸਾਨੂੰ ਇਸਨੂੰ ਆਪਣਾ ਮਾਲਕ ਨਹੀਂ ਬਣਾਉਣਾ ਚਾਹੀਦਾ। ਜੇਕਰ ਅਸੀਂ ਅੱਜ ਮਜ਼ਬੂਤ ਖੜ੍ਹੇ ਹਾਂ, ਅੱਜ ਆਪਣੀਆਂ ਨਵੀਆਂ ਆਦਤਾਂ ਨੂੰ ਸਹੀ ਢੰਗ ਨਾਲ ਅਪਣਾਉਂਦੇ ਹਾਂ, ਤਾਂ ਮਨ ਜਲਦੀ ਸਮਰਪਣ ਕਰ ਦੇਵੇਗਾ। ਇਸ ਲਈ ਸਾਨੂੰ ਸਿਰਫ਼ ਅੱਜ ਵੱਲ ਧਿਆਨ ਦੇਣਾ ਚਾਹੀਦਾ ਹੈ। ਬਦਲਾਅ ਲਈ ਸਿਰਫ਼ ਅੱਜ ਹੀ ਮਹੱਤਵਪੂਰਨ ਹੈ, ਜੇਕਰ ਅਸੀਂ ਅੱਜ ਬਦਲਦੇ ਹਾਂ, ਤਾਂ ਸਾਡੀ ਦੁਨੀਆ ਜ਼ਰੂਰ ਬਦਲ ਜਾਵੇਗੀ।



**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਮਲੋਟ ਪੰਜਾਬ**

# ਜ਼ਿੰਦਗੀ ਦੇ ਨਮੂਨੇ ਸਮਝਣ ਦੀ ਲੋੜ

**ਵਿਜੈ ਗਰਗ**

ਗਤੀਸ਼ੀਲਤਾ ਜ਼ਿੰਦਗੀ ਦੇ ਦਿਲ ਵਿੱਚ ਹੈ, ਅਤੇ ਇਹ ਮਨੁੱਖੀ ਰਿਸ਼ਤਿਆਂ ਨਾਲੋਂ ਕਿਤੇ ਵੀ ਜ਼ਿਆਦਾ ਸਪੱਸ਼ਟ ਨਹੀਂ ਹੈ - ਖਾਸ ਕਰਕੇ ਉਹ ਜੋ ਵਿਆਹ ਅਤੇ ਪਰਿਵਾਰ ਰਾਹੀਂ ਬਣਦੇ ਹਨ। ਜੀਵਨ ਭਰ ਮਰਦ-ਔਰਤ ਬੰਧਨ ਦੀ ਸੰਸਥਾ ਸਭ ਤੋਂ ਗੁੰਝਲਦਾਰ ਅਨੁਭਵਾਂ ਵਿੱਚੋਂ ਇੱਕ ਹੈ।

ਗਤੀਸ਼ੀਲਤਾ ਜੀਵਨ ਦਾ ਸਾਰ ਹੈ। ਜੋ ਵੀ ਮੌਜੂਦ ਹੈ, ਉਸ ਵਿੱਚ ਕੁਝ ਗਤੀ, ਕੁਝ ਵਿਕਾਸ ਅਤੇ ਕੁਝ ਊਰਜਾ ਹੋਵੇਗੀ। ਇਹ ਇੱਕ ਸਮੇਂ ਤੇ ਪੈਦਾ ਹੋਵੇਗੀ, ਵਧੇਗੀ, ਵਿਕਸਤ ਹੋਵੇਗੀ, ਅਤੇ ਹੌਲੀ-ਹੌਲੀ ਮੁਰਝਾ ਜਾਵੇਗੀ।

ਇਹ ਜੀਵਨ ਦਾ ਜ਼ਰੂਰੀ ਚੱਕਰ ਹੈ। ਇਹ ਪੌਦਿਆਂ, ਜਾਨਵਰਾਂ ਅਤੇ ਮਨੁੱਖਾਂ ਵਿੱਚ ਉਪਲਬਧ ਹੈ। ਇਹ ਇੱਕ ਅਜਿਹਾ ਖੇਤਰ ਹੈ ਜੋ ਆਪਣੀ ਖੁਦ ਦੀ ਖੋਜ ਦੇ ਯੋਗ ਹੈ, ਬਹੁਤ ਸਾਰੇ ਕ੍ਰਮ-ਕ੍ਰਮ ਅਤੇ ਸੰਜੋਗਾਂ ਵਾਲੀ ਮੁਹਾਰਤ ਲਈ ਕਾਫ਼ੀ ਢੁਕਵਾਂ ਹੈ। ਜੀਵਨ ਦੇ ਵਧੇਰੇ ਸਪੱਸ਼ਟ ਚੱਕਰਾਂ ਵਿੱਚੋਂ ਜਨਮ, ਵਿਕਾਸ, ਜੀਵਾਂ ਦਾ ਆਪਣੀ ਸੰਪੂਰਨਤਾ ਵਿੱਚ ਫੁੱਲਣਾ, ਅਤੇ ਅੰਤ ਵਿੱਚ ਉਨ੍ਹਾਂ ਦਾ ਨਿਰਲੇਪਤਾ ਜਾਂ ਵਿਨਾਸ਼ ਹੈ। ਸਾਰੇ ਜੀਵ ਇਸ ਚੱਕਰ ਵਿੱਚੋਂ ਲੰਘਦੇ ਹਨ।

ਇਸ ਖੋਜ ਦੀ ਡੂੰਘਾਈ ਬਹੁਤ ਡੂੰਘੀ ਅਤੇ ਤੀਬਰ ਹੈ। ਇਸ ਨੂੰ ਕਈ ਸਦੀਆਂ ਤੱਕ ਕਿਸੇ ਵੀ ਅਜਿਹੇ ਸਿੱਟੇ 'ਤੇ ਪਹੁੰਚਣ ਲਈ ਬਹੁਤ ਸਾਰੇ ਯਤਨਾਂ ਦੀ ਲੋੜ ਪਵੇਗੀ ਜੋ ਇੱਧਰ-ਉੱਧਰ ਸੁੱਟੇ ਜਾਣ ਦੇ ਯੋਗ ਹੋਵੇ। ਇਸ ਲਿਖਤ ਦੇ ਸਮੇਂ ਅਤੇ ਸਥਾਨ ਵਿੱਚ ਵਿਸ਼ੇ ਨੂੰ ਪ੍ਰਬੰਧਨਯੋਗ ਬਣਾਉਣ ਲਈ, ਸਿਰਫ 'ਸਬੰਧਾਂ' ਦੇ ਖੇਤਰ ਬਾਰੇ ਗੱਲ ਕਰਨਾ ਫਾਇਦੇਮੰਦ ਹੋ ਸਕਦਾ ਹੈ। ਪਰਿਭਾਸ਼ਾ ਅਨੁਸਾਰ, 'ਰਿਸ਼ਤਾ' ਸਿਰਫ਼ ਇਕਾਈਆਂ ਵਿਚਕਾਰ ਹੀ ਹੋ ਸਕਦਾ ਹੈ। ਇਹ ਕਿਸੇ ਵੀ ਨਸਲ ਅਤੇ ਕਿਸਮ ਦੇ ਦੋ ਲੋਕਾਂ ਵਿਚਕਾਰ ਹੋ ਸਕਦਾ ਹੈ। ਦੋਵਾਂ ਵਿਚਕਾਰ ਬਿਤਾਏ ਸਮੇਂ ਦੀ ਮਿਆਦ ਚੱਕਰੀ ਹੋ ਸਕਦੀ ਹੈ ਅਤੇ ਬਹੁਤ ਸਾਰੇ ਉਤਰਾਅ-ਚੜ੍ਹਾਅ ਦੇ ਸਮਰੱਥ ਹੋ ਸਕਦੀ ਹੈ। ਪੈਟਰਨਾਂ ਦੀ ਕੁਝ ਪੜ੍ਹਨਾ ਦਿਲਚਸਪ ਹੋ ਸਕਦਾ ਹੈ। ਰਿਸ਼ਤੇ ਦੇ ਖੇਤਰਾਂ ਵਿੱਚੋਂ ਇੱਕ ਜੋ ਕਿ ਚਰਿੱਤਰ ਵਿੱਚ ਕਾਫ਼ੀ ਵਿਆਪਕ ਹੈ ਉਹ ਹੈ 'ਵਿਆਹ'/'ਪਰਿਵਾਰ' ਦਾ ਰਿਸ਼ਤਾ।

ਇੱਥੇ, ਇੱਕ ਮਰਦ ਅਤੇ ਔਰਤ ਇੱਕ ਦੂਜੇ ਨਾਲ ਇੱਕ ਬੰਧਨ ਵਿੱਚ ਸਮਾਂ ਬਿਤਾਉਣ ਲਈ ਇੱਕ ਅਪ੍ਰਤੱਖ ਇਕਰਾਰਨਾਮੇ ਨਾਲ ਇਕੱਠੇ ਹੁੰਦੇ ਹਨ। ਆਮ ਤੌਰ 'ਤੇ, ਵਿਆਹ ਵਿੱਚ ਇੱਕ ਮਰਦ ਅਤੇ ਔਰਤ ਵਿਚਕਾਰ ਇੱਕ-ਤੋਂ-ਇੱਕ ਵਚਨਬੱਧਤਾ ਸ਼ਾਮਲ ਹੁੰਦੀ ਹੈ, ਜਿਸ ਵਿੱਚ ਆਮ ਤੌਰ 'ਤੇ ਪ੍ਰਜਨਨ ਦੀ ਉਮਰ ਸ਼ਾਮਲ ਹੁੰਦੀ ਹੈ।

ਇਹ ਜੋੜਨ ਵਿੱਚ ਕੋਈ ਜਲਦਬਾਜ਼ੀ ਕਰ ਸਕਦਾ ਹੈ ਕਿ ਵਿਆਹ ਲਈ ਪ੍ਰਜਨਨ ਜ਼ਰੂਰੀ ਨਹੀਂ ਹੈ, ਪਰ ਵਿਆਹ ਅਕਸਰ ਪਛਾਣਯੋਗ ਪ੍ਰਜਨਨ ਵੱਲ ਲੈ ਜਾਂਦਾ ਹੈ। ਇਹ ਮਹੱਤਵਪੂਰਨ ਹੈ ਕਿਉਂਕਿ ਇਹ ਇੱਕ ਪਰਿਵਾਰ ਦਾ ਮੂਲ ਬਣਦਾ ਹੈ। ਇਹ ਇੱਕ ਵਿਆਪਕ ਪੈਟਰਨ ਹੈ, ਜਿਸ ਵਿੱਚ ਨਸਲ, ਧਰਮ, ਖੇਤਰ ਅਤੇ ਹੋਰ ਬਹੁਤ ਸਾਰੀਆਂ ਭਿੰਨਤਾਵਾਂ ਨਹੀਂ ਹਨ। ਅਕਸਰ, ਇੱਕ ਵਿਆਹੁਤਾ ਰਿਸ਼ਤੇ ਵਿੱਚ ਦੋ ਲੋਕਾਂ ਨੂੰ ਇੱਕ ਜੋੜਾ ਕਿਹਾ ਜਾਂਦਾ ਹੈ, ਅਤੇ ਉਹ ਇਕੱਠੇ ਰਹਿੰਦੇ ਹਨ, ਇਕੱਠੇ ਵਧਦੇ ਹਨ, ਅਤੇ ਅਕਸਰ ਇੱਕ ਸਾਂਝਾ ਘਰ ਹੁੰਦਾ ਹੈ। ਸਾਂਝਾ ਘਰ ਮਾਲਕੀ, ਮਾਲਕੀ ਅਤੇ ਹੋਰ ਬਹੁਤ ਸਾਰੀਆਂ ਚਿੰਤਾਵਾਂ ਨੂੰ ਖੋਲ੍ਹਦਾ ਹੈ।

ਆਮ ਤੌਰ 'ਤੇ, ਜੋੜੇ ਦੇ ਰਿਸ਼ਤੇ ਦੀ ਪ੍ਰੀਤ ਅਤੇ ਜ਼ਰੂਰਤ ਮਾਲਕੀ ਦੇ ਹਰ ਪਹਿਲੂ 'ਤੇ ਕਾਨੂੰਨੀ ਢਾਂਚਾ ਹੋਣਾ ਬੇਲੋੜਾ ਬਣਾ ਦਿੰਦੀ ਹੈ। ਸਦਭਾਵਨਾ, ਪਿਆਰ, ਸਨੇਹ ਅਤੇ ਸ਼ੁੱਧ, ਸਰਲ ਚੰਗੀ ਸਮਝ ਇੱਕ ਜੋੜੇ ਨੂੰ ਬਹੁਤ ਜ਼ਿਆਦਾ ਉਤਰਾਅ-ਚੜ੍ਹਾਅ ਜਾਂ ਖਤਰਿਆਂ ਤੋਂ ਬਿਨਾਂ ਆਪਣੇ ਸਬੰਧਾਂ ਨੂੰ ਨੇਵੀਗੇਟ ਕਰਨ ਦੀ ਆਗਿਆ ਦਿੰਦੀ ਹੈ। ਜ਼ਿੰਦਗੀ ਚੰਗੀ ਸਮਝ ਦੀ ਆਮ ਨਿਰਵਿਘਨਤਾ ਅਤੇ ਚੀਜ਼ਾਂ ਨੂੰ ਹਿਲਾਉਣ, ਚੀਜ਼ਾਂ ਨੂੰ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਨੂੰ ਜਾਰੀ ਰੱਖਣ ਲਈ ਰਿਸ਼ਤੇ ਕਿਵੇਂ ਜ਼ਰੂਰੀ ਹਨ, ਇਸ ਕਾਰਨ ਮੌਜੂਦ ਹੈ। ਜੋੜੀ ਇੱਥੇ ਖਤਮ ਨਹੀਂ ਹੁੰਦੀ ਪਰ ਇਸਦੇ ਬਹੁਤ ਸਾਰੇ ਪ੍ਰਭਾਵ ਹਨ ਜਿਨ੍ਹਾਂ ਲਈ ਇੱਕ ਸਿਵਲ ਸਮਾਜ ਦੇ ਕਾਨੂੰਨੀ ਢਾਂਚੇ ਦੀ ਲੋੜ ਹੋ ਸਕਦੀ ਹੈ। ਇਹ ਆਪਣੇ ਆਪ ਵਿੱਚ ਇੱਕ ਗੁੰਝਲਦਾਰ ਅਤੇ ਵਿਆਪਕ ਖੇਤਰ ਹੈ ਜੋ ਇਸ ਪਾਠ ਦੀਆਂ ਪਰਿਭਾਸ਼ਾਤਮਕ ਸੀਮਾਵਾਂ ਵਿੱਚ ਵਿਆਪਕ ਇਲਾਜ ਤੋਂ ਬਚ ਸਕਦਾ ਹੈ। ਵਿਆਹੁਤਾ ਰਿਸ਼ਤੇ ਆਮ ਤੌਰ 'ਤੇ ਇੱਕ ਆਦਮੀ ਅਤੇ ਇੱਕ ਔਰਤ ਵਿਚਕਾਰ ਹੋਣਗੇ।

ਇਸ ਲਿਖਤ ਦਾ ਉਦੇਸ਼ ਲਗਭਗ 30 ਤੋਂ 40 ਸਾਲਾਂ ਦੇ ਸਮੇਂ ਦੌਰਾਨ ਵਿਆਹੁਤਾ/ਪਰਿਵਾਰਕ ਸਬੰਧਾਂ ਵਿੱਚ ਇੱਕ ਆਦਮੀ ਅਤੇ ਇੱਕ ਔਰਤ ਵਿਚਕਾਰ ਸਬੰਧਾਂ ਦੀ ਪ੍ਰਕਿਰਤੀ ਬਾਰੇ ਕੁਝ ਵਿਚਾਰ ਕਰਨਾ ਹੈ।

ਬੇਸ਼ੱਕ, ਕੋਈ ਇਹ ਸਮਝਦਾ ਹੈ ਕਿ ਇਹ ਸਾਰੇ 'ਅੰਕੜੇ' ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਕਰਦੇ ਵੀ ਹਨ, ਅਤੇ ਆਮੀਕਰਨ ਸੀਮਤ ਹੱਦ ਤੱਕ ਹੀ ਮਦਦਗਾਰ ਹੁੰਦੇ ਹਨ। ਕਿਸੇ ਵੀ ਰਿਸ਼ਤੇ ਵਾਂਗ, ਵਿਆਹੁਤਾ/ਪਰਿਵਾਰਕ ਰਿਸ਼ਤੇ ਵਿੱਚ, ਵੱਖ-ਵੱਖ ਰੌਸ਼ਨੀਆਂ ਅਤੇ ਰੰਗਾਂ ਨੂੰ ਸਮਝਣ ਲਈ, ਕੁਝ ਧਾਰਨਾਵਾਂ ਬਣਾਈਆਂ ਜਾ ਸਕਦੀਆਂ ਹਨ। ਮੋਟੇ ਤੌਰ 'ਤੇ, ਇਸ ਧਾਰਨਾ ਦਾ ਅਰਥ ਇਹ ਹੋਵੇਗਾ ਕਿ ਵਿਆਹੁਤਾ/ਪਰਿਵਾਰਕ ਢੰਗ ਨਾਲ ਇੱਕ ਮਰਦ-ਔਰਤ ਦਾ ਰਿਸ਼ਤਾ ਵੀਹਵਿਆਂ ਵਿੱਚ ਸ਼ੁਰੂ ਹੁੰਦਾ ਹੈ ਅਤੇ, ਹੋਰ ਚੀਜ਼ਾਂ ਬਰਾਬਰ ਹੋਣ ਕਰਕੇ, ਪੂਰੇ ਜੀਵਨ ਕਾਲ ਵਿੱਚ ਫੈਲਿਆ ਹੁੰਦਾ ਹੈ ਜਦੋਂ ਤੱਕ ਵਿਅਕਤੀ ਆਪਣੇ ਸੱਤਰਵਿਆਂ, ਅੱਸੀਵਿਆਂ, ਜਾਂ ਇਸ ਤੋਂ ਵੱਧ ਦੇ ਨੇੜੇ ਨਹੀਂ ਪਹੁੰਚਦੇ।

ਇਸ ਲਈ, ਵਿਆਹ ਦੀ ਔਸਤ ਉਮਰ ਲਗਭਗ 40 ਤੋਂ 65 ਸਾਲ ਮੰਨੀ ਜਾ ਸਕਦੀ ਹੈ। ਇਸ ਵਿਚਕਾਰ, ਪਰਿਵਾਰ ਦੀ ਧਾਰਨਾ ਆਉਂਦੀ ਹੈ ਅਤੇ ਪਰਿਵਾਰ ਦੇ ਅੰਦਰ ਕਈ ਪੀੜ੍ਹੀਆਂ ਨੂੰ ਮਾਨਤਾ ਦੇਣ ਦੀ ਜ਼ਰੂਰਤ ਹੋਏਗੀ। ਦੋ ਵਿਅਕਤੀਆਂ ਵਿਚਕਾਰ ਸਬੰਧਾਂ ਦੀ ਮਿਆਦ, ਜੋ ਕਿ 40 ਤੋਂ 65 ਸਾਲਾਂ ਨੂੰ ਕਵਰ ਕਰਦੀ ਹੈ, ਵਿੱਚ ਕਈ ਰੌਸ਼ਨੀਆਂ ਅਤੇ ਪਰਛਾਵੇਂ ਹੋ ਸਕਦੇ ਹਨ। ਰਿਸ਼ਤੇ ਦੇ ਸ਼ੁਰੂਆਤੀ ਸਾਲਾਂ ਵਿੱਚ, ਸਰੀਰਕ ਨੇੜਤਾ 35 ਜਾਂ 40 ਸਾਲਾਂ ਬਾਅਦ ਨਾਲੋਂ ਵਧੇਰੇ ਪ੍ਰਮੁੱਖ ਹੋ ਸਕਦੀ ਹੈ।

ਵਿਆਹ/ਪਰਿਵਾਰ ਦੇ ਸ਼ੁਰੂਆਤੀ ਸਾਲਾਂ ਵਿੱਚ, ਵਿਆਹ/ਪਰਿਵਾਰ ਨੂੰ ਅੱਗੇ ਵਧਣ ਨਾਲੋਂ ਜ਼ਿਆਦਾ ਲਚਕੀਲਾਪਣ ਅਤੇ ਅਨੁਕੂਲਤਾ ਦਾ ਅਨੁਭਵ ਹੋ ਸਕਦਾ ਹੈ। ਇਹ ਅੰਦਾਜ਼ਾ ਲਗਾਉਣਾ ਖ਼ਤਰਨਾਕ ਹੋਵੇਗਾ ਕਿ ਬੀਤਦੇ ਸਾਲਾਂ ਦੇ ਨਾਲ ਰਿਸ਼ਤਾ ਕਿਸ ਪਾਸੇ ਜਾਵੇਗਾ। ਇਹ ਅੰਤ ਵਿੱਚ ਰਿਸ਼ਤੇ ਨੂੰ ਹੋਰ ਪਿਆਰਾ ਬਣਾ ਸਕਦਾ ਹੈ, ਜਾਂ ਰਿਸ਼ਤੇ ਵਿੱਚ ਅਸ਼ਾਂਤੀ ਦਾ ਅਨੁਭਵ ਹੋ ਸਕਦਾ ਹੈ।

ਇਹ ਉਹ ਥਾਂ ਹੈ ਜਿੱਥੇ ਸਬੰਧਾਂ ਦੀ ਖੋਜ ਮਹੱਤਵਪੂਰਨ ਹੋ ਜਾਂਦੀ ਹੈ। ਵਿਗਿਆਨਕ ਤਰੀਕਿਆਂ ਦੀ ਕੁਝ ਵਰਤੋਂ ਸਬੰਧਾਂ ਦੇ ਪੈਟਰਨਾਂ ਨੂੰ ਸਮਝਣ ਵਿੱਚ ਲਾਭਦਾਇਕ ਹੋਵੇਗੀ। ਬਦਕਿਸਮਤੀ ਨਾਲ, ਇਸ ਖੇਤਰ ਵਿੱਚ ਪ੍ਰਕਾਸ਼ਨ ਅਤੇ ਗੰਭੀਰ ਖੋਜ ਵਿਚਾਰ ਅਤੇ ਸਮਝ ਦੀ ਜ਼ਰੂਰਤ ਦੇ ਮੁਕਾਬਲੇ ਬਹੁਤ ਘੱਟ ਹੈ। ਇਹ ਲਿਖਤ ਉਦੇਸ਼ ਦੀ ਪੂਰਤੀ ਕਰਦੀ ਜੇਕਰ ਇਹ ਖੋਜ ਕਰਨ ਦੀ ਜ਼ਰੂਰਤ ਵੱਲ ਧਿਆਨ ਖਿੱਚਦੀ

ਇਹ ਲਿਖਤ ਮਕਸਦ ਪੂਰਾ ਕਰ ਸਕਦੀ ਸੀ ਜੇਕਰ ਇਹ 40 ਤੋਂ 65 ਸਾਲਾਂ ਦੇ ਸੰਭਾਵੀ ਹੋਂਦ ਦੇ ਦੌਰਾਨ ਇੱਕ ਸੰਸਥਾਗਤ ਢੰਗ ਨਾਲ ਇੱਕ ਪੁਰਸ਼-ਔਰਤ/ਪਰਿਵਾਰਕ ਸਬੰਧਾਂ ਦੇ ਸੰਪੂਰਨ ਰੋਲਆਉਟ ਨੂੰ ਵੇਖਣ ਦੀ ਜ਼ਰੂਰਤ ਵੱਲ ਧਿਆਨ ਖਿੱਚਦੀ। ਪਰਿਵਾਰਾਂ ਦੇ ਜੀਵਨ ਵਿੱਚ ਮਦਦਗਾਰ ਦਖਲਅੰਦਾਜ਼ੀ ਲਈ ਇਸਦੀ ਸਾਰਥਕਤਾ ਅਤੇ ਉਪਯੋਗਤਾ ਉੱਚੀ ਹੋਵੇਗੀ। ਇੱਕ ਸ਼ੁਰੂਆਤ ਜੋੜਿਆਂ ਦੁਆਰਾ ਸਵੈ-ਇੱਛਾ ਨਾਲ ਦਹਾਕਿਆਂ ਦੇ ਇਕੱਠੇ ਰਹਿਣ ਦੇ ਆਪਣੇ ਅਨੁਭਵਾਂ ਨੂੰ ਰਿਕਾਰਡ ਕਰਕੇ ਕੀਤੀ ਜਾ ਸਕਦੀ ਹੈ।

ਹੌਲੀ-ਹੌਲੀ, ਇੱਕ ਖੋਜ ਵਿਧੀ ਵਿਕਸਤ ਹੋਵੇਗੀ, ਪਰ ਇਸ ਵਿੱਚ ਸਮਾਂ ਲੱਗ ਸਕਦਾ ਹੈ। ਪਰਿਵਾਰਕ ਜੀਵਨ ਨੂੰ ਸਮਝਣ ਲਈ ਇੱਕ ਖੋਜ ਵਿਧੀ ਵਿਕਸਤ ਕਰਨ ਬਾਰੇ ਇੱਕ ਸੰਗਠਿਤ ਵਿਚਾਰ ਸਪੱਸ਼ਟ ਤੌਰ 'ਤੇ ਵੀ ਲਾਭਦਾਇਕ ਹੋਵੇਗਾ।

ਅਸਲ ਵਿੱਚ, ਜੀਵਨ ਨੂੰ ਵਧੇਰੇ ਸੂਝਵਾਨ ਅਤੇ ਸੁਹਾਵਣਾ ਬਣਾਉਣ ਲਈ ਉਪਯੋਗੀ ਖੋਜ ਦੀ ਵਰਤੋਂ ਕੀਤੀ ਜਾ ਸਕਦੀ ਹੈ। ਹੋਰ ਚੀਜ਼ਾਂ ਦੇ ਨਾਲ, ਇਹ ਪਰਿਵਾਰਾਂ ਨੂੰ ਆਪਸ ਵਿੱਚ ਨਜਿੱਠਣ ਅਤੇ ਬਿਹਤਰ ਸਬੰਧਾਂ ਲਈ ਇੱਕ ਵਧੇਰੇ ਸਥਿਰ ਪਲੇਟਫਾਰਮ ਬਣਾਉਣ ਵਿੱਚ ਸਹਾਇਤਾ ਕਰੇਗਾ। ਇਸ ਦੇ ਇੱਕ ਚੰਗੀ ਤਰ੍ਹਾਂ ਏਕੀਕ੍ਰਿਤ ਸਮਾਜਿਕ ਢਾਂਚੇ ਅਤੇ ਆਲੇ ਦੁਆਲੇ ਵਧੇਰੇ ਖੁਸ਼ੀ ਲਈ ਸਪੱਸ਼ਟ ਫਾਇਦੇ ਹਨ। ਉਪਯੋਗੀ ਖੋਜ ਕੋਲ ਆਪਣੇ ਆਪ ਨੂੰ ਸਿਫ਼ਾਰਸ਼ ਕਰਨ ਲਈ ਬਹੁਤ ਕੁਝ ਹੈ।

**ਵਿਜੈ ਗਰਗ ਰਿਟਾਇਰਡ ਪ੍ਰਿੰਸੀਪਲ**
**ਐਜੂਕੇਸ਼ਨਲ ਕਾਲਮਨਵੀਸ਼ ਉੱਘੇ**
**ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ**
**ਐਮ.ਐਚ.ਆਰ. ਮਲੋਟ ਪੰਜਾਬ**